ਜੂਨ 1539 ਈ.

ਜੂਨ 1639 ਈ.

ਜੂਨ 1739 ਈ.

ਜੂਨ 1839 ਈ.

ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਕਦੋਂ ਸ਼ਾਮਲ ਕੀਤਾ ਗਿਆ?

1839 ਈ.

1849 ਈ.

1857 ਈ.

1890 ਈ.

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਉਤਰਾਧਿਕਾਰੀ ਕੌਣ ਬਣਿਆ?

ਨੌਨਿਹਾਲ ਸਿੰਘ

ਦਲੀਪ ਸਿੰਘ

ਖੜਕ ਸਿੰਘ

ਸ਼ੇਰ ਸਿੰਘ

ਡੋਗਰਾ ਸਰਕਾਰ ਸੁਚੇਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ ਸਰਕਾਰ ਉਸ ਦੇ ਪੁੱਤਰ ਨਾ ਹੋਣ ਕਾਰਨ 15 ਲੱਖ ਰੁਪਏ ਹੜੱਪਣਾ ਚਾਹੁੰਦੀ ਸੀ। ਜਿਸ ਕਾਰਨ ਸਿੱਖਾਂ ਨੂੰ ਅੰਗਰੇਜ਼ਾਂ ਦੇ ਇਰਾਦਿਆਂ ਉੱਤੇ ਸ਼ੱਕ ਹੋਣ ਲੱਗਾ।

ਗਲਤ

ਸਹੀ

ਪਹਿਲੇ ਐਂਗਲੋ-ਸਿੱਖ ਯੁੱਧ ਸਮੇਂ ਭਾਰਤ ਦਾ ਗਵਰਨਰ ਜਨਰਲ ਕੌਣ ਸੀ?

ਲਾਰਡ ਡਲਹੌਜ਼ੀ

ਲਾਰਡ ਕਰਜ਼ਨ

ਲਾਰਡ ਹਾਰਡਿੰਗ

ਲਾਰਡ ਕਲਾਈਵ

ਲਾਰਡ ਹਾਰਡਿੰਗ ਨੇ 13 ਦਸੰਬਰ 1845 ਈ. ਨੂੰ ਸਿੱਖਾਂ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ।

ਸਹੀ

ਗਲਤ

18 ਦਸੰਬਰ 1845 ਈ. ਵਿੱਚ ਮੁੱਦਕੀ ਦੀ ਲੜਾਈ ਵਿੱਚ ਸਿੱਖਾਂ ਦੀ ਹਾਰ ਉਨ੍ਹਾਂ ਦੇ ਨੇਤਾ ਲਾਲ ਸਿੰਘ ਦੀ ਗੱਦਾਰੀ ਕਾਰਨ ਹੋਈ।

ਗਲਤ

ਸਹੀ

ਪਹਿਲਾ ਐਂਗਲੋ-ਸਿੱਖ ਯੁੱਧ (1845-46)

ਲੜੀ ਨੰ:	ਲੜਾਈ ਦਾ ਨਾਂ	ਸਮਾਂ	ਸਿੱਖਾਂ ਦੀ ਅਗਵਾਈ	ਅੰਗਰੇਜ਼ਾਂ ਦੀ ਅਗਵਾਈ	ਜਿੱਤੇ	ਹਾਰੇ	ਜਿੱਤ ਦਾ ਕਾਰਨ
1.	ਮੁੱਦਕੀ	18 ਦਸੰਬਰ 1845	ਲਾਲ ਸਿੰਘ	ਲਾਰਡ ਹਿਊਗ ਗਫ	ਅੰਗਰੇਜ਼	ਸਿੱਖ	ਲਾਲ ਸਿੰਘ ਦੀ ਗੱਦਾਰੀ
2.	ਫਿਰੋਜ਼ਸ਼ਾਹ	21 ਦਸੰਬਰ 1845	ਲਾਲ ਸਿੰਘ ਤੇਜਾ ਸਿੰਘ	ਲਾਰਡ ਹਿਊਗ ਗਫ ਜਾਨ ਲਿਟਲਰ ਲਾਰਡ ਹਾਰਡਿੰਗ	ਅੰਗਰੇਜ਼	ਸਿੱਖ	ਲਾਲ ਸਿੰਘ, ਤੇਜਾ ਸਿੰਘ ਦੀ ਗੱਦਾਰੀ
3.	ਬੱਦੋਵਾਲ	21 ਜਨਵਰੀ 1846	ਰਣਜੋਧ ਸਿੰਘ ਮਜੀਠੀਆ	ਹੈਰੀ ਸਮਿੱਥ	ਸਿੱਖ	ਅੰਗਰੇਜ਼	ਸਿੱਖਾਂ ਵੱਲੋਂ ਅੰਗਰੇਜ਼ਾਂ ਦਾ ਜ਼ਬਰਦਸਤ ਮੁਕਾਬਲਾ
4.	ਅਲੀਵਾਲ	28 ਜਨਵਰੀ 1846	ਰਣਜੋਧ ਸਿੰਘ	ਹੈਰੀ ਸਮਿੱਥ ਬ੍ਰਿਗੇਡੀਅਰ ਵੀਲ੍ਹਰ	ਅੰਗਰੇਜ਼	ਸਿੱਖ	ਅੰਗਰੇਜ਼ੀ ਸੈਨਾ ਵਿੱਚ ਵਾਧਾ ਅਤੇ ਸਿੱਖਾਂ ਤੇ ਅਚਾਨਕ ਹਮਲਾ
5.	ਸਭਰਾਓ	10 ਫਰਵਰੀ 1846	ਲਾਲ ਸਿੰਘ ਤੇਜਾ ਸਿੰਘ ਸ਼ਾਮ ਸਿੰਘ ਅਟਾਰੀ ਵਾਲਾ	ਲਾਰਡ ਹਿਊਗ ਗਫ ਲਾਰਡ ਹਾਰਡਿੰਗ	ਅੰਗਰੇਜ਼	ਸਿੱਖ	ਲਾਲ ਸਿੰਘ, ਤੇਜਾ ਸਿੰਘ ਦੀ ਗੱਦਾਰੀ ਸ਼ਾਮ ਸਿੰਘ ਬਹਾਦਰੀ ਨਾਲ ਲੜਿਆ

ਪਹਿਲੇ ਐਂਗਲੋ-ਸਿੱਖ ਯੁੱਧ ਦੀ ਕਿਹੜੀ ਲੜਾਈ ਵਿੱਚ ਸਿੱਖਾਂ ਦੀ ਜਿੱਤ ਹੋਈ।

ਮੁੱਦਕੀ ਦੀ ਲੜਾਈ

ਫਿਰੋਜ਼ਸ਼ਾਹ ਦੀ ਲੜਾਈ

ਬੱਦੋਵਾਲ ਦੀ ਲੜਾਈ

ਅਲੀਵਾਲ ਦੀ ਲੜਾਈ

ਸਭਰਾਓਂ ਦੀ ਲੜਾਈ

ਲਾਹੌਰ ਦੀ ਪਹਿਲੀ ਸੰਧੀ 9 ਮਾਰਚ 1846 ਈ. ਲਾਰਡ ਹਾਰਡਿੰਗ ਅਤੇ ਲਾਹੌਰ ਸਰਕਾਰ ਵਿੱਚਕਾਰ ਹੋਈ।

ਗਲਤ

ਸਹੀ

ਭੈਰੋਵਾਲ ਦੀ ਸੰਧੀ ਕਦੋਂ ਹੋਈ?

26 ਦਸੰਬਰ, 1846 ਈ.

26 ਨਵੰਬਰ, 1846 ਈ.

26 ਜਨਵਰੀ, 1846 ਈ.

26 ਅਗਸਤ, 1846 ਈ.

ਅੰਗਰੇਜ਼ਾਂ ਅਤੇ ਸਿੱਖਾਂ ਦਾ ਦੂਜਾ ਯੁੱਧ ਕਦੋਂ ਹੋਇਆ?

1845-1846 ਈ.

1848-1849 ਈ.

ਰਾਮ ਨਗਰ, ਚਿਲਿੱਆਂ ਵਾਲਾ, ਮੁਲਤਾਨ ਅਤੇ ਗੁਜਰਾਤ ਅੰਗਰੇਜ਼ਾਂ ਅਤੇ ਸਿੱਖਾਂ ਦੀ ________ ਲੜਾਈ ਦੇ ਸਥਾਨ ਹਨ।

ਪਹਿਲੀ

ਦੂਜੀ

29 ਮਾਰਚ, 1849 ਈ. ਨੂੰ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰਨ ਦਾ ਐਲਾਨ ਕਿਸ ਗਵਰਨਰ ਜਨਰਲ ਨੇ ਕੀਤਾ?

ਲਾਰਡ ਹਾਰਡਿੰਗ

ਲਾਰਡ ਡਲਹੌਜ਼ੀ

ਲਾਰਡ ਵੈਲਜ਼ਲੀ

ਲਾਰਡ ਕਾਰਨਵਾਲਿਸ

ਮਹਾਰਾਜਾ ___________ ਪੰਜਾਬ (ਲਾਹੌਰ ਰਾਜ) ਦਾ ਆਖਰੀ ਸਿੱਖ ਹਾਕਮ ਸੀ।

ਖੜਕ ਸਿੰਘ

ਸ਼ੇਰ ਸਿੰਘ

ਦਲੀਪ ਸਿੰਘ

ਨੌਨਿਹਾਲ ਸਿੰਘ

1846 ਈ ਦੀ ਭੈਰੋਵਾਲ ਦੀ ਸੰਧੀ ਅਨੁਸਾਰ ਲਾਹੌਰ ਰਾਜ ਦੇ ਪ੍ਰਬੰਧ ਲਈ ਕੌਂਸਲ ਆਫ ਰੀਜੈਂਸੀ ਦੀ ਸਥਾਪਨਾ ਕੀਤੀ ਗਈ।

ਗਲਤ

ਸਹੀ

ਦੂਜਾ ਐਂਗਲੋ-ਸਿੱਖ ਯੁੱਧ (1848-49)

ਲੜੀ ਨੰ.	ਲੜਾਈ ਦਾ ਨਾਂ	ਸਮਾਂ	ਸਿੱਖਾਂ ਦੀ ਅਗਵਾਈ	ਅੰਗਰੇਜ਼ਾਂ ਦੀ ਅਗਵਾਈ	ਜਿੱਤੇ	ਹਾਰੇ	ਜਿੱਤ ਦਾ ਕਾਰਨ
1.	ਰਾਮਨਗਰ	22 ਨਵੰਬਰ 1848	ਸ਼ੇਰ ਸਿੰਘ	ਲਾਰਡ ਹਿਊਗ ਗਫ	ਸਿੱਖ	ਅੰਗਰੇਜ਼	ਸਿੱਖਾਂ ਦੀ ਯੋਗ ਅਗਵਾਈ ਅੰਗਰੇਜ਼ਾਂ ਦਾ ਭਾਰੀ ਨੁਕਸਾਨ
2.	ਚਿਲ੍ਹਿਆਂ ਵਾਲਾ	13 ਜਨਵਰੀ 1849	ਸ਼ੇਰ ਸਿੰਘ	ਲਾਰਡ ਹਿਊਗ ਗਫ	ਸਿੱਖ	ਅੰਗਰੇਜ਼	ਸਿੱਖਾਂ ਦੀ ਯੋਗ ਅਗਵਾਈ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਇੰਗਲੈਂਡ ਵਿੱਚ ਹਾਹਾਕਾਰ
3.	ਮੁਲਤਾਨ	22 ਜਨਵਰੀ 1849	ਦੀਵਾਨ ਮੂਲਰਾਜ	ਜਨਰਲ ਵਿਸ਼	ਅੰਗਰੇਜ਼	ਸਿੱਖ	ਅੰਗਰੇਜ਼ਾਂ ਵੱਲੋਂ ਸ਼ੇਰ ਸਿੰਘ ਅਤੇ ਮੂਲਰਾਜ ਵਿੱਚ ਫੁੱਟ ਪਾਉਣਾ
4.	ਗੁਜਰਾਤ	21 ਫਰਵਰੀ 1849	ਸ਼ੇਰ ਸਿੰਘ ਚਤਰ ਸਿੰਘ ਭਾਈ ਮਹਾਰਾਜ ਸਿੰਘ	ਲਾਰਡ ਹਿਊਗ ਗਫ	ਅੰਗਰੇਜ਼	ਸਿੱਖ	ਸਿੱਖਾਂ ਕੋਲ ਤੋਪਖਾਨੇ ਦੀ ਘਾਟ


ਦੂਜੇ ਐਂਗਲੋ-ਸਿੱਖ ਦੀ ਕਿਹੜੀ ਲੜਾਈ ਇਤਿਹਾਸ ਵਿੱਚ ਤੋਪਾਂ ਦੀ ਲੜਾਈ ਦੇ ਨਾਲ ਪ੍ਰਸਿੱਧ ਹੈ?

ਰਾਮ ਨਗਰ ਦੀ ਲੜਾਈ


ਚਿੱਲਿਆਂ ਵਾਲਾ ਦੀ ਲੜਾਈ

ਮੁਲਤਾਨ ਦੀ ਲੜਾਈ

ਗੁਜਰਾਤ ਦੀ ਲੜਾਈ



ਨਕਸ਼ਾ ਕਾਰਜ



ਨਕਸ਼ਾ ਕਾਰਜ

https://forms.gle/9CSeXVk2tWuHY6ZH8

ਪਾਠ 9 - ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ 👇

10 ਮਈ 1857 ਈ. ਨੂੰ ______ ਵਿਖੇ ਆਜ਼ਾਦੀ ਦੀ ਪਹਿਲੀ ਜੰਗ ਸ਼ੁਰੂ ਹੋਈ।

ਫਿਰੋਜ਼ਪੁਰ

ਮੇਰਠ

ਕਲਕੱਤਾ

ਦਿੱਲੀ

ਸਾਈਮਨ ਕਮਿਸ਼ਨ ਭਾਰਤ ਕਦੋਂ ਆਇਆ?

1927 ਈ.

1928 ਈ.

1982 ਈ.

1929 ਈ.

ਸਰਦਾਰ ਅਹਿਮਦ ਖਾਂ ਖਰਲ ਨੇ ਅੰਗਰੇਜ਼ੀ ਰਾਜ ਨੂੰ ਮਾਲੀਆ ਨਾ ਦੇ ਕੇ ਬਗਾਵਤ ਕੀਤੀ ਅਤੇ ਕਈ ਅੰਗਰੇਜ਼ ਫੌਜੀਆਂ ਦਾ ਕਤਲ ਕੀਤਾ ਅਤੇ ਅੰਤ ਪਾਕਪਟਨ ਦੇ ਨੇੜੇ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਕੇ ਆਜ਼ਾਦੀ ਦੀ ਜੰਗ ਵਿੱਚ ਹਿੱਸਾ ਪਾਇਆ।

ਗਲਤ

ਸਹੀ

ਨਾਮਧਾਰੀ ਜਾਂ ਕੂਕਾ ਅੰਦੋਲਨ ਦੀ ਨੀਂਹ ਕਿਸ ਨੇ ਅਤੇ ਕਦੋਂ ਰੱਖੀ?

ਸਤਿਗੁਰ ਚਰਨ ਸਿੰਘ ਜੀ, 12 ਅਪ੍ਰੈਲ 1857 ਈ.

ਸਤਿਗੁਰ ਰਾਮ ਸਿੰਘ ਜੀ, 12 ਅਪ੍ਰੈਲ 1857 ਈ.

ਸਤਿਗੁਰ ਅਮਰ ਸਿੰਘ ਜੀ, 12 ਅਪ੍ਰੈਲ 1857 ਈ.

ਸਤਿਗੁਰ ਜਗਤ ਸਿੰਘ ਜੀ, 12 ਅਪ੍ਰੈਲ 1857 ਈ.

ਆਰੀਆ ਸਮਾਜ ਦੇ ਬਾਨੀ ਕੌਣ ਸਨ?

ਸਵਾਮੀ ਵਿਵੇਕਾਨੰਦ

ਸਵਾਮੀ ਦਯਾ ਨੰਦ ਸਰਸਵਤੀ

ਸਵਾਮੀ ਰਾਮਾਨੰਦ

ਸਵਾਮੀ ਰਾਮਾਨੁਜ

ਸਤਿਗੁਰ ਰਾਮ ਸਿੰਘ ਨੇ ਅੰਗਰੇਜ਼ ਸਰਕਾਰ ਨੂੰ ਸਰਕਾਰੀ ਡਾਕ ਸਹੂਲਤਾਂ, ਵਿਦੇਸ਼ੀ ਕਪੜੇ, ਸਰਕਾਰੀ ਅਦਾਲਤਾਂ, ਸਕੂਲਾਂ ਅਤੇ ਕਾਲਜਾਂ ਦਾ ਬਾਈਕਾਟ ਕਰਕੇ ਨਾ-ਮਿਲਵਰਤਨ ਦਿਖਾਇਆ।

ਗਲਤ

ਸਹੀ

17 ਅਤੇ 18 ਜਨਵਰੀ 1872 ਨੂੰ 66 ਨਾਮਧਾਰੀ ਸਿੰਘਾਂ ਨੇ ਕਿਸ ਸਥਾਨ ਤੇ ਅੰਗਰੇਜ਼ਾਂ ਦੀਆਂ ਤੋਪਾਂ ਅੱਗੇ ਛਾਤੀ ਤਾਣ ਕੇ ਸ਼ਹੀਦੀ ਪ੍ਰਾਪਤ ਕੀਤੀ?

ਧਨੌਲਾ

ਲਾਲੜੂ

ਮਲੇਰਕੋਟਲਾ

ਚਮਕੌਰ

ਪੱਗੜੀ ਸੰਭਾਲ ਜੱਟਾ ਗੀਤ ____________ ਦੁਆਰਾ ਲਿਖਿਆ ਗਿਆ ਸੀ।

ਦੀਨ ਦਿਆਲ

ਬਾਂਕੇ ਦਿਆਲ

ਅਬੁਲ ਫਜ਼ਲ

ਮੁਹੰਮਦ ਅਲੀ

ਗਦਰ ਪਾਰਟੀ ਦਾ ਜਨਮ ਸਨਫਰਾਂਸਿਸਕੋ (ਅਮਰੀਕਾ) ਵਿੱਚ ਕਦੋਂ ਹੋਇਆ?

1931 ਈ.

1923 ਈ.

1913 ਈ.

1914 ਈ.

ਗਦਰ ਪਾਰਟੀ ਦਾ ਪ੍ਰਧਾਨ ਕੌਣ ਸੀ?

ਲਾਲਾ ਹਰਦਿਆਲ

ਬਾਬਾ ਸੋਹਨ ਸਿੰਘ ਭਕਨਾ

ਭਗਤ ਸਿੰਘ

ਸੁਭਾਸ਼ ਚੰਦਰ ਬੋਸ

ਬਾਬਾ ਗੁਰਦਿੱਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ਼ ਕਿਹੜੇ ਦੇਸ਼ ਤੋਂ ਕਿਰਾਏ ਤੇ ਲਿਆ ਸੀ?

ਅਮਰੀਕਾ

ਚੀਨ

ਰੂਸ

ਜਾਪਾਨ

ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ 13 ਅਪ੍ਰੈਲ 1919 ਵਿੱਚ ਲਗਭੱਗ _____________ ਲੋਕ ਮਾਰੇ ਗਏ ਅਤੇ 3000 ਤੋਂ ਵੱਧ ਲੋਕ ਜਖ਼ਮੀ ਹੋਏ।

200

500

1000

2000

ਅਮ੍ਰਿੰਤਸਰ ਦੇ ਇੱਕ ਸਿਪਾਹੀ ____________ ਦੇ ਧੋਖਾ ਦੇਣ ਕਾਰਨ ਗਦਰ ਲਹਿਰ ਦੀ ਪੋਲ ਸਮੇਂ ਤੋਂ ਪਹਿਲਾਂ ਹੀ ਖੁੱਲ ਗਈ ਅਤੇ ਲਹਿਰ ਨਾਕਾਮਯਾਬ ਰਹੀ।

ਸੁਖਪਾਲ ਸਿੰਘ

ਕਿਰਪਾਲ ਸਿੰਘ

ਗੁਰਪਾਲ ਸਿੰਘ

ਹਰਪਾਲ ਸਿੰਘ

ਅਕਾਲੀ ਲਹਿਰ ਦੇ ਹੋਂਦ ਵਿੱਚ ਆਉਣ ਦੇ ਮੁੱਖ ਕਾਰਨ ਗੁਰਦੁਆਰਿਆਂ ਨੂੰ ਬਦਚਲਣ ਮਹੰਤਾਂ ਤੋਂ ਖਾਲੀ ਕਰਾਉਣਾ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸੁਧਾਰ ਕਰਨਾ ਸੀ।

ਸਹੀ

ਗਲਤ

ਦਰਬਾਰ ਸਾਹਿਬ ਅਮ੍ਰਿਤਸਰ ਦੀਆਂ ਅੰਗਰੇਜ਼ ਸਰਕਾਰ ਤੋਂ ਚਾਬੀਆਂ ਲੈਣ ਲਈ ਸਿੱਖਾਂ ਨੇ ਕਿਹੜਾ ਮੋਰਚਾ ਲਗਾਇਆ?

ਚਾਬੀਆਂ ਵਾਲਾ ਮੋਰਚਾ

ਜੈਤੋ ਦਾ ਮੋਰਚਾ

ਗੁਰੂ ਦਾ ਬਾਗ ਮੋਰਚਾ

ਗੁਰੂ ਕਾ ਬਾਗ (ਜ਼ਿਲਾ ਅਮਿੰ੍ਤਸਰ) ਮਹੰਤ _______________ ਦੇ ਕਬਜ਼ੇ ਵਿੱਚ ਸੀ।

ਬਿਸ਼ਨ ਦਾਸ

ਸੁੰਦਰ ਦਾਸ

ਸ਼ੀਤਲ ਦਾਸ

ਦਾਮੋਦਰ ਦਾਸ

ਬੱਬਰ ਅਕਾਲੀ ਲਹਿਰ ਦਾ ਜਨਮ ਗੁਰਦੁਆਰੇ ਵਿੱਚ ਬੈਠੇ ਮਹੰਤਾਂ ਅਤੇ ਪੁਲਿਸ ਦਾ ਮੁਕਾਬਲਾ ਕਰਨ ਲਈ ਹੋਇਆ ਸੀ।

ਸਹੀ

ਗਲਤ

ਬੱਬਰ ਅਕਾਲੀਆਂ ਦਾ ਮੁੱਖ ਉਦੇਸ਼ ਕੀ ਸੀ?

ਮੁਖਬਰਾਂ ਅਤੇ ਸਰਕਾਰੀ ਪਿੱਠੂਆਂ ਦੀ ਜੀ ਹਜ਼ੂਰੀ ਕਰਨਾ

ਮੁਖਬਰਾਂ ਅਤੇ ਸਰਕਾਰੀ ਪਿੱਠੂਆਂ ਦਾ ਅੰਤ ਕਰਨਾ

ਮੁਖਬਰਾਂ ਅਤੇ ਸਰਕਾਰੀ ਪਿੱਠੂਆਂ ਨੂੰ ਇਨਾਮ ਦੇਣਾ

ਮੁਖਬਰਾਂ ਅਤੇ ਸਰਕਾਰੀ ਪਿੱਠੂਆਂ ਦੀ ਗੁਲਾਮੀ ਕਰਨਾ

ਗੁਰਦੁਆਰਾ ਐਕਟ ਕਦੋਂ ਪਾਸ ਹੋਇਆ?

1920 ਈ.

1925 ਈ.

1950 ਈ.

1952 ਈ.

1925-26 ਈ. ਵਿੱਚ _______ ਵਿਖੇ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਸ੍ਰ. ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੁਆਰਾ ਕੀਤੀ ਗਈ।

ਮੁਲਤਾਨ

ਪੇਸ਼ਾਵਰ

ਲਾਹੌਰ

ਅੰਮ੍ਰਿਤਸਰ

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲਾਹੌਰ ਜੇਲ ਵਿੱਚ ਫਾਂਸੀ ਕਦੋਂ ਦਿੱਤੀ ਗਈ?

23 ਮਾਰਚ 1913

23 ਮਾਰਚ 1931

23 ਮਾਰਚ 1947

23 ਮਾਰਚ 1948

ਪੂਰਨ ਸਵਰਾਜ ਪ੍ਰਸਤਾਵ ਅਨੁਸਾਰ ਭਾਰਤ ਵਿੱਚ ਪਹਿਲੀ ਵਾਰ ਸੁਤੰਤਰਤਾ ਦਿਵਸ ਕਦੋਂ ਮਨਾਇਆ ਗਿਆ?

26 ਜਨਵਰੀ 1945

26 ਜਨਵਰੀ 1950

15 ਅਗਸਤ 1947

26 ਜਨਵਰੀ 1930

ਪਟਿਆਲਾ ਸਰਕਾਰ ਸੇਵਾ ਸਿੰਘ ਠੀਕਰੀਵਾਲਾ ਨੂੰ ਕਿਸੇ ਨਾ ਕਿਸੇ ਬਹਾਨੇ ਗ੍ਰਿਫਤਾਰ ਕਰਦੀ ਰਹੀ ਅਤੇ 24 ਅਗਸਤ 1928 ਨੂੰ ਰਿਹਾ ਹੋਣ ਤੇ ਇਨ੍ਹਾਂ ਨੂੰ ਪੰਜਾਬ ਪਰਜਾ ਮੰਡਲ ਅਤੇ ਰਿਆਸਤੀ ਪਰਜਾ ਮੰਡਲ ਦਾ ਪ੍ਰਧਾਨ ਚੁਣ ਲਿਆ ਗਿਆ।

ਸਹੀ

ਗਲਤ

1943 ਈ. ਵਿੱਚ ਸੁਭਾਸ਼ ਚੰਦਰ ਬੋਸ ਨੇ ______________ ਵਿਖੇ ਭਾਰਤੀਆਂ ਨੂੰ ਇਕੱਠਾ ਕਰਕੇ ਆਜ਼ਾਦ ਹਿੰਦ ਫੌਜ ਦੀ ਸਥਾਪਨਾ ਕੀਤੀ।

ਮਲਾਇਆ

ਹਾਂਗਕਾਂਗ

ਜਾਪਾਨ

ਸਿੰਘਾਪੁਰ

ਤੁਸੀਂ ਮੈਨੂੰ ਖੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦਿਆਂਗਾ ਦਾ ਨਾਅਰਾ ਕਿਸ ਨੇ ਦਿੱਤਾ?

ਭਗਤ ਸਿੰਘ

ਸੁਭਾਸ਼ ਚੰਦਰ ਬੋਸ

ਮਹਾਤਮਾ ਗਾਂਧੀ

ਜੋਤਿਬਾ ਫੂਲੇ

ਸਰ ਮਾਈਕਲ ਓਡਵਾਇਰ ਦਾ ਕਤਲ ਕਿਸ ਕ੍ਰਾਂਤੀਕਾਰੀ ਨੇ ਕੀਤਾ?

ਸ਼ਹੀਦ ਊਧਮ ਸਿੰਘ

ਸ਼ਹੀਦ ਭਗਤ ਸਿੰਘ

ਸ਼ਹੀਦ ਰਾਜਗੁਰੂ

ਸ਼ਹੀਦ ਵਿਪਨ ਚੰਦਰ ਪਾਲ

ਗ਼ਦਰ ਲਹਿਰ ਹਥਿਆਰਬੰਦ ਵਿਦਰੋਹ ਦੇ ਪੱਖ ਵਿੱਚ ਨਹੀਂ ਸੀ।

ਸਹੀ

ਗਲਤ

ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਕੀਤੇ ਗਏ ਪ੍ਰਦਰਸ਼ਨ ਦੇ ਨਤੀਜੇ ਵਜੋਂ ਕਿਸ ਭਾਰਤੀ ਨੇਤਾ ਨੂੰ ਆਪਣੀ ਜਾਨ ਗਵਾਉਣੀ ਪਈ?

ਬਾਲ ਗੰਗਾਧਰ ਤਿਲਕ

ਲਾਲਾ ਲਾਜਪਤ ਰਾਏ

ਵਿਪਨ ਚੰਦਰ ਪਾਲ

https://forms.gle/CbKedqKRoa7eycYP7

ਨਾਗਰਿਕ ਸ਼ਾਸਤਰ

ਪਾਠ 10 - ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ 👇

ਭਾਰਤ ਦਾ ਸੰਵਿਧਾਨ ਕਦੋਂ ਬਣਨਾ ਆਰੰਭ ਹੋਇਆ?

26 ਜਨਵਰੀ 1950

15 ਅਗਸਤ 1947

9 ਦਸੰਬਰ 1946

26 ਨਵੰਬਰ 1949

ਪ੍ਰਭੁੱਸਤਾਧਾਰੀ ਰਾਜ ਦੇ ਸੰਬੰਧ ਵਿੱਚ ਹੇਠ ਲਿਖੀ ਕਿਹੜੀ ਧਾਰਨਾ ਸਹੀ ਨਹੀਂ ਹੈ?

ਸੰਪੂਰਨ ਸੁਤੰਤਰ ਰਾਜ

ਅੰਦਰੂਨੀ ਮਾਮਲਿਆਂ ਵਿੱਚ ਸਰਵ ਸ੍ਰੇਸ਼ਠ

ਆਪਣੇ ਦੇਸ਼ ਅਤੇ ਵਿਦੇਸ਼ ਨੀਤੀਨਿਰਮਾਣ ਵਿੱਚ ਸਮਰੱਥ

ਵਿਦੇਸ਼ੀ ਸੰਬੰਧਾਂ ਲਈ ਦੂਜੇ ਰਾਜਾਂ ਦੇ ਨਿਯੰਤਰਨ ਦੇ ਅਧੀਨ

ਸਮਾਜਵਾਦੀ ਰਾਜ ਲਈ ਹੇਠ ਲਿਖਿਆ ਕਿਹੜਾ ਤਰਕ ਗਲਤ ਹੈ?

ਨਾਗਰਿਕਾਂ ਨੂੰ ਆਪਣਾ ਵਿਕਾਸ ਕਰਨ ਲਈ ਸਮਾਨ ਮੌਕੇ ਮਿਲਦੇ ਹਨ

ਗਰੀਬ ਤੇ ਅਮੀਰ ਵਿੱਚ ਵਧੇਰੇ ਅੰਤਰ ਨਹੀਂ ਹੁੰਦਾ

ਹਰੇਕ ਨਾਗਰਿਕ ਨੂੰ ਬਿਨਾਂ ਕਿਸੇ ਵਿਤਕਰੇ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਮਿਲਦਾ ਹੈ

ਨਾਗਰਿਕਾਂ ਦੇ ਸ਼ੋਸ਼ਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ

ਧਰਮ ਨਿਰਪੱਖ ਰਾਜ ਦੇ ਸੰਬੰਧ ਵਿੱਚ ਹੇਠ ਲਿਖੀ ਕਿਹੜੀ ਧਾਰਨਾ ਗਲਤ ਹੈ?

ਰਾਜ ਕਿਸੇ ਵਿਸ਼ੇਸ਼ ਧਰਮ ਦੀ ਸਰਪ੍ਰਸਤੀ ਨਹੀਂ ਕਰੇਗਾ

ਸਾਰੇ ਧਰਮਾਂ ਦਾ ਬਰਾਬਰ ਸਨਮਾਨ ਕੀਤਾ ਜਾਵੇਗਾ

ਕਿਸੇ ਧਰਮ ਦਾ ਵਿਰੋਧ ਨਹੀਂ ਕੀਤਾ ਜਾਵੇਗਾ

ਨਾਗਰਿਕਾਂ ਨੂੰ ਆਪਣੀ ਇੱਛਾ ਅਨੁਸਾਰ ਧਰਮ ਅਪਣਾਉਣ ਦੀ ਆਜ਼ਾਦੀ ਨਹੀਂ ਹੋਵੇਗੀ

ਲੋਕਤੰਤਰੀ ਰਾਜ ਦੇ ਸੰਬੰਧ ਵਿੱਚ ਹੇਠ ਲਿਖਿਆ ਕਿਹੜਾ ਤੱਥ ਸਹੀ ਨਹੀਂ ਹੈ?

ਸ਼ਾਸਨ ਦੀ ਸਰਵਉੱਚ ਸ਼ਕਤੀ ਜਨਤਾ ਦੀ ਥਾਂ ਕਿਸੇ ਵਰਗ, ਸ਼੍ਰੇਣੀ ਜਾਂ ਦਲ ਕੋਲ ਹੁੰਦੀ ਹੈ

ਲੋਕ ਨਿਯਤਕਾਲੀ ਚੋਣਾਂ ਦੁਆਰਾ ਚੁਣੇ ਹੋਏ ਪ੍ਰਤੀਨਿਧਾਂ ਦੁਆਰਾ ਆਪਣੇ ਸ਼ਾਸਨ ਨੂੰ ਚਲਾਉਂਦੇ ਹਨ

ਸਰਕਾਰ ਆਪਣੇ ਕਾਰਜਾਂ ਤੇ ਨੀਤੀਆਂ ਲਈ ਲੋਕਾਂ ਸਾਹਮਣੇ ਜ਼ਿੰਮੇਵਾਰ ਹੈ

ਨਾਗਰਿਕਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਸਮਾਨ ਅਧਿਕਾਰ ਤੇ ਲੋਕਤੰਤਰੀ ਸੁਤੰਤਰਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ

ਭਾਰਤ ਦੇ ਗਣਰਾਜ ਹੋਣ ਤੋਂ ਭਾਵ ਹੈ ਕਿ ਰਾਜ ਦਾ ਮੁੱਖੀ _____ ਹੋਵੇਗਾ ਜੋ ਬਾਦਸ਼ਾਹ ਦੀ ਤਰ੍ਹਾਂ ਜੱਦੀ ਨਹੀਂ ਸਗੋਂ ਜਨਤਾ ਦੇ ਪ੍ਰਤੀਨਿਧੀਆਂ ਦੁਆਰਾ ਨਿਸ਼ਚਿਤ ਸਮੇਂ ਲਈ ਚੁਣਿਆ ਜਾਵੇਗਾ।

ਪ੍ਰਧਾਨ ਮੰਤਰੀ

ਮੁੱਖ ਮੰਤਰੀ

ਰਾਜਪਾਲ

ਰਾਸ਼ਟਰਪਤੀ

ਸਾਲ 1976 ਵਿੱਚ ਕਿਹੜੀ ਸੰਵਿਧਾਨਿਕ ਸੋਧ ਰਾਹੀਂ ਪ੍ਰਸਤਾਵਨਾ ਵਿੱਚ ਸਮਾਜਵਾਦੀ, ਧਰਮ ਨਿਰਪੱਖ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਦੇ ਸ਼ਬਦ ਜੋੜੇ ਗਏ ਸਨ?

42ਵੀਂ ਸੰਵਿਧਾਨਿਕ ਸੋਧ ਰਾਹੀਂ

46ਵੀਂ ਸੰਵਿਧਾਨਿਕ ਸੋਧ ਰਾਹੀਂ

48ਵੀਂ ਸੰਵਿਧਾਨਿਕ ਸੋਧ ਰਾਹੀਂ

32ਵੀਂ ਸੰਵਿਧਾਨਿਕ ਸੋਧ ਰਾਹੀਂ

ਭਾਰਤੀ ਸੰਵਿਧਾਨ ਵਿੱਚ 395 ਅਨੁਛੇਦ ਅਤੇ 12 ਅਨੁਸੂਚੀਆਂ ਹਨ।

ਠੀਕ

ਗਲਤ

ਭਾਰਤੀ ਸੰਵਿਧਾਨ ਦੇ ਤੀਸਰੇ ਭਾਗ ਵਿੱਚ ਕਿਹੜੇ ਅਨੁਛੇਦ ਤੱਕ ਨਾਗਰਿਕਾਂ ਦੇ ਮੌਲਿਕ ਅਧਿਕਾਰ ਜੋੜੇ ਗਏ ਹਨ?

ਅਨੁਛੇਦ 12 ਤੋਂ 18 ਤੱਕ

ਅਨੁਛੇਦ 10 ਤੋਂ 12 ਤੱਕ

ਅਨੁਛੇਦ 14 ਤੋਂ 32 ਤੱਕ

ਅਨੁਛੇਦ 41 ਤੋਂ 52 ਤੱਕ

ਕਿਹੜੇ ਦੇਸ਼ ਦੇ ਸੰਵਿਧਾਨ ਤੋਂ ਪ੍ਰੇਰਿਤ ਹੋ ਕੇ ਭਾਰਤੀ ਸੰਵਿਧਾਨ ਦੇ ਚੌਥੇ ਅਧਿਆਇ ਵਿੱਚ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਅੰਕਿਤ ਕੀਤੇ ਗਏ ਹਨ?

ਅਮਰੀਕਾ

ਆਸਟਰੇਲੀਆ

ਫਰਾਂਸ

ਆਇਰਲੈਂਡ

ਹੇਠ ਲਿਖਿਆਂ ਵਿੱਚੋਂ ਕਿਹੜੀ ਵਿਸ਼ੇਸ਼ਤਾ ਭਾਰਤੀ ਸੰਵਿਧਾਨ ਵਿੱਚ ਅੰਕਿਤ ਨਹੀਂ ਹੈ?

ਸੰਸਦੀ ਸਰਕਾਰ

ਸੰਘਾਤਮਕ ਸਰਕਾਰ

ਲੋਕਤੰਤਰੀ ਸਰਕਾਰ

ਤਾਨਾਸ਼ਾਹੀ ਸਰਕਾਰ

ਇੰਗਲੈਂਡ ਦਾ ਸੰਵਿਧਾਨ ਲਚਕੀਲਾ ਹੈ, ਪਰ ਇਸ ਦੇ ਉਲਟ ________ ਦਾ ਸੰਵਿਧਾਨ ਬਹੁਤ ਕਠੋਰ ਹੈ।

ਭਾਰਤ

ਅਮਰੀਕਾ

ਜਰਮਨੀ

ਦੱਖਣੀ ਅਫਰੀਕਾ

ਭਾਰਤ ਦਾ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ?

26 ਜਨਵਰੀ 1949

26 ਜਨਵਰੀ 1950

26 ਨਵੰਬਰ 1949

15 ਅਗਸਤ 1947

ਗਣਤੰਤਰ ਦੇਸ਼ ਉਹ ਹੁੰਦਾ ਹੈ

ਜਿਸ ਦਾ ਮੁਖੀਆ ਪਿਤਾ ਪੁਰਖੀ ਹੁੰਦਾ ਹੈ

ਜਿਸ ਦਾ ਮੁਖੀ ਸੈਨਿਕ ਤਾਨਾਸ਼ਾਹ ਹੁੰਦਾ ਹੈ

ਜਿਸ ਦਾ ਮੁਖੀ ਲੋਕਾਂ ਦੁਆਰਾ ਪ੍ਰਤੱਖ ਜਾਂ ਅਪ੍ਰਤੱਖ ਢੰਗ ਰਾਹੀਂ ਨਿਸਚਿਤ ਸਮੇਂ ਲਈ ਚੁਣਿਆ ਜਾਂਦਾ ਹੈ

ਜਿਸ ਦੇਸ਼ ਦਾ ਮੁਖੀ ਮਨੋਨੀਤ ਕੀਤਾ ਜਾਂਦਾ ਹੈ

ਹੇਠ ਲਿਖਿਆਂ ਵਿੱਚੋਂ ਕਿਹੜੇ ਦੇਸ਼ ਦਾ ਸੰਵਿਧਾਨ ਅਣਲਿਖਤੀ ਹੈ?

ਜਰਮਨੀ

ਚੀਨ

ਇੰਗਲੈਂਡ

ਫਰਾਂਸ

ਸਿੱਖਿਆ ਦੇ ਅਧਿਕਾਰ ਨੂੰ ਸੰਵਿਧਾਨ ਦੇ ਅਨੁਛੇਦ 21A ਤਹਿਤ ਕਿਸ ਅਧਿਕਾਰ ਅਧੀਨ ਦਰਜ ਕੀਤਾ ਗਿਆ ਹੈ?

ਸਮਾਨਤਾ ਦਾ ਅਧਿਕਾਰ

ਸ਼ੋਸ਼ਣ ਵਿਰੁੱਧ ਅਧਿਕਾਰ

ਸਭਿਆਚਾਰਕ ਅਤੇ ਵਿੱਦਿਅਕ ਅਧਿਕਾਰ

ਸੁਤੰਤਰਤਾ ਦਾ ਅਧਿਕਾਰ

ਸਾਡੇ ਦੇਸ਼ ਦਾ ਰਾਸ਼ਟਰਪਤੀ ਕਿਸ ਸ਼ਕਤੀ ਤਹਿਤ ਸੰਘਾਤਮਕ ਸਰਕਾਰ ਨੂੰ ਇਕਾਤਮਕ ਸਰਕਾਰ ਵਿੱਚ ਬਦਲਣ ਦੀ ਸਮੱਰਥਾ ਰੱਖਦਾ ਹੈ?

ਨਿਆਂਇਕ ਸ਼ਕਤੀਆਂ

ਸੰਕਟਕਾਲੀਨ ਸ਼ਕਤੀਆਂ

ਵਿੱਤੀ ਸ਼ਕਤੀਆਂ

ਕਾਰਜਕਾਰੀ ਸ਼ਕਤੀਆਂ

ਸੰਵਿਧਾਨ ਦੇ ਅਨੁਛੇਦ 14 ਤੋਂ 18 ਤੱਕ ਕਿਹੜਾ ਮੌਲਿਕ ਅਧਿਕਾਰ ਦਰਜ ਹੈ?

ਸਮਾਨਤਾ

ਸੁਤੰਤਰਤਾ

ਸ਼ੋਸ਼ਣ ਦੇ ਵਿਰੁੱਧ

ਸਿੱਖਿਆ ਦਾ ਅਧਿਕਾਰ

ਸੰਵਿਧਾਨ ਦੇ ਅਨੁਛੇਦ 32 ਵਿੱਚ ਕਿਹੜਾ ਮੌਲਿਕ ਅਧਿਕਾਰ ਦਰਜ ਹੈ?

ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ

ਆਜ਼ਾਦੀ ਦਾ ਅਧਿਕਾਰ

ਧਾਰਮਿਕ ਸੁਤੰਤਰਤਾ ਦਾ ਅਧਿਕਾਰ

ਸ਼ੋਸ਼ਣ ਦੇ ਵਿਰੁੱਧ ਅਧਿਕਾਰ

ਸੰਵਿਧਾਨ ਦੇ ਅਨੁਛੇਦ 19 ਤੋਂ 22 ਤੱਕ ਕਿਹੜਾ ਮੌਲਿਕ ਅਧਿਕਾਰ ਦਰਜ ਹੈ?

ਸਮਾਨਤਾ ਦਾ ਅਧਿਕਾਰ

ਵਿੱਦਿਅਕ ਅਤੇ ਸਭਿੱਆਚਾਰਕ ਅਧਿਕਾਰ

ਆਜ਼ਾਦੀ ਦਾ ਅਧਿਕਾਰ

ਸ਼ੋਸ਼ਣ ਦੇ ਵਿਰੁੱਧ ਅਧਿਕਾਰ

https://forms.gle/Vomw8rUWyJJEiKFL9



ਪਾਠ 11 - ਕੇਂਦਰੀ ਸਰਕਾਰ 👇

ਰਾਸ਼ਟਰਪਤੀ ਲੋਕ ਸਭਾ ਦੇ ਵਿੱਚ ਕਿੰਨੇ ਮੈਂਬਰ ਨਾਮਜ਼ਦ ਕਰਦਾ ਹੈ?

12

2

545

10

ਰਾਸ਼ਟਰਪਤੀ ਦੁਆਰਾ ਲੋਕ ਸਭਾ ਦੇ ਵਿੱਚ ਨਾਮਜ਼ਦ ਕੀਤੇ ਜਾਣ ਵਾਲੇ ਦੋ ਮੈਂਬਰ ਕਿਹੜੀ ਜਾਤੀ ਦੇ ਹੁੰਦੇ ਹਨ?

ਪਾਰਸੀ

ਬੋਧੀ

ਜੈਨੀ

ਐਂਗਲੋ-ਇੰਡੀਅਨ

ਲੋਕ ਸਭਾ ਦੇ ਮੈਂਬਰ ਬਣਨ ਲਈ ਘੱਟੋ ਘੱਟ ਕਿੰਨੀ ਉਮਰ ਹੋਣੀ ਚਾਹੀਦੀ ਹੈ?

18 ਸਾਲ

21 ਸਾਲ

25 ਸਾਲ

30 ਸਾਲ

ਹੇਠ ਲਿਖਿਆਂ ਵਿੱਚੋਂ ਕਾਰਜਪਾਲਿਕਾ ਵਿੱਚ ਕੌਣ ਸ਼ਾਮਲ ਨਹੀਂ ਹੈ?

ਰਾਸ਼ਟਰਪਤੀ

ਪ੍ਰਧਾਨਮੰਤਰੀ

ਸੁਪਰੀਮ ਕੋਰਟ

ਮੰਤਰੀ ਪਰਿਸ਼ਦ

ਲੋਕ ਸਭਾ ਵਿੱਚ ਪੰਜਾਬ ਰਾਜ ਦੇ ਮੈਂਬਰਾਂ ਦੀ ਸੰਖਿਆ ਕਿੰਨੀ ਹੈ?

7

13

17

117

ਪਹਿਲੀਆਂ ਆਮ ਚੋਣਾਂ ਕਦੋਂ ਹੋਈਆਂ?

1950 ਈ.

1951 ਈ.

1952 ਈ.

1947 ਈ.

ਲੋਕ ਸਭਾ ਦੇ ਕੁੱਲ ਕਿੰਨੇ ਮੈਂਬਰ ਹੁੰਦੇ ਹਨ?

545

550

530

552

ਭਾਰਤ ਦੀ ਲੋਕ ਸਭਾ ਦੇ 545 ਮੈਂਬਰਾਂ ਵਿੱਚੋਂ ਕਿੰਨੇ ਮੈਂਬਰ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ?

13

15

17

19

ਲੋਕ ਸਭਾ ਦੇ ਕਿੰਨੇ ਮੈਂਬਰ 28 ਰਾਜਾਂ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ?

530

545

524

514

ਲੋਕ ਸਭਾ ਦੇ ਬੈਠਕਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ?

ਪ੍ਰਧਾਨ ਮੰਤਰੀ

ਰਾਜਪਾਲ

ਸਪੀਕਰ

ਰਾਸ਼ਟਰਪਤੀ

ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੰਤਰੀ ਪਰਿਸ਼ਦ ਕੇਂਦਰੀ ਸਰਕਾਰ ਦੇ ਕਿਹੜੇ ਅੰਗ ਦਾ ਹਿੱਸਾ ਹਨ?

ਵਿਧਾਨਪਾਲਿਕਾ

ਕਾਰਜਪਾਲਿਕਾ

ਨਿਆਂਪਾਲਿਕਾ

ਰਾਜ ਸਭਾ ਵਿੱਚ ਰਾਸ਼ਟਰਪਤੀ ਦੁਆਰਾ ਕਿੰਨੇ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ?

2

12

19

22

ਰਾਜ ਸਭਾ ਦਾ ਮੈਂਬਰ ਬਣਨ ਲਈ ਘੱਟੋ ਘੱਟ ਕਿੰਨੀ ਉਮਰ ਜ਼ਰੂਰੀ ਹੈ?

30 ਸਾਲ

25 ਸਾਲ

21 ਸਾਲ

18 ਸਾਲ

ਪ੍ਰਧਾਨ ਮੰਤਰੀ ਨੂੰ ਕੌਣ ਨਿਯੁਕਤ ਕਰਦਾ ਹੈ?

ਸਪੀਕਰ

ਰਾਸ਼ਟਰਪਤੀ

ਸੁਪਰੀਮ ਕੋਰਟ ਦਾ ਮੁੱਖ ਜੱਜ

ਮੁੱਖ ਮੰਤਰੀ

ਦੇਸ਼ ਦਾ ਨਾਂ-ਮਾਤਰ ਕਾਰਜਪਾਲਿਕਾ ਮੁਖੀ ਕੌਣ ਹੁੰਦਾ ਹੈ?

ਪ੍ਰਧਾਨ ਮੰਤਰੀ

ਰਾਸ਼ਟਰਪਤੀ

ਸਾਡੇ ਦੇਸ਼ ਦਾ ਅਸਲੀ ਮੁਖੀਆ ਕੌਣ ਹੁੰਦਾ ਹੈ?

ਪ੍ਰਧਾਨ ਮੰਤਰੀ

ਮੁੱਖ ਮੰਤਰੀ

ਰਾਸ਼ਟਰਪਤੀ

ਸਪੀਕਰ

ਰਾਸ਼ਟਰਪਤੀ ਨੂੰ ਪ੍ਰਤੀ ਮਹੀਨਾ ਕਿੰਨੀ ਤਨਖਾਹ ਮਿਲਦੀ ਹੈ?

2 ਲੱਖ ਰੁਪਏ

5 ਲੱਖ ਰੁਪਏ

7 ਲੱਖ ਰੁਪਏ

3 ਲੱਖ ਰੁਪਏ

ਰਾਜ ਸਭਾ ਦੇ ਮੈਂਬਰਾਂ ਦਾ ਕਾਰਜਕਾਰ ਕਿੰਨਾ ਹੁੰਦਾ ਹੈ?

4 ਸਾਲ

5 ਸਾਲ

6 ਸਾਲ

ਜਿਨ੍ਹਾਂ ਬਿੱਲਾਂ ਦਾ ਸੰਬੰਧ ਧਨ ਨਾਲ ਨਹੀਂ ਹੁੰਦਾ, ਉਨ੍ਹਾਂ ਨੂੰ ________ ਕਿਹਾ ਜਾਂਦਾ ਹੈ।

ਧਨ ਬਿੱਲ

ਸਧਾਰਨ ਬਿੱਲ

ਸਧਾਰਨ ਬਿੱਲ ਨੂੰ ਸੰਸਦ ਦੇ ਕਿਸ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ?

ਲੋਕ ਸਭਾ

ਰਾਜ ਸਭਾ

ਕਿਸੇ ਵੀ ਸਦਨ ਵਿੱਚ

ਰਾਜ ਸਭਾ ਦੇ ਵੱਧ ਤੋਂ ਵੱਧ ਕਿੰਨੇ ਮੈਂਬਰ ਹੋ ਸਕਦੇ ਹਨ?

238

250

550

117

ਰਾਜ ਸਭਾ ਦੀ ਕਾਰਵਾਈ ਦਾ ਸੰਚਾਲਨ ਕਿਸ ਦੇ ਦੁਆਰਾ ਕੀਤਾ ਜਾਂਦਾ ਹੈ?

ਰਾਸ਼ਟਰਪਤੀ

ਪ੍ਰਧਾਨ ਮੰਤਰੀ

ਸਪੀਕਰ

ਉਪ-ਰਾਸ਼ਟਰਪਤੀ

ਬਿੱਲ ਦਾ ਸੰਸਦ ਵਿੱਚ ਪੇਸ਼ ਹੋਣਾ ਅਤੇ ਇਸ ਦੇ ਪੇਸ਼ ਕਰਨ ਦੇ ਉਦੇਸ਼ ਅਤੇ ਕਾਰਨ ਦੱਸਣਾ, ਇਸ ਦਾ ਪਹਿਲਾ ਪੜਾਅ ਹੈ।

ਠੀਕ

ਗਲਤ

ਬਿੱਲ ਦੇ ਕਿਸ ਪੜਾਅ ਤੇ ਸਦਨ ਵਿੱਚ ਬਹਿਸ ਨਹੀਂ ਹੁੰਦੀ?

ਪਹਿਲਾ ਪੜਾਅ

ਦੂਜਾ ਪੜਾਅ

ਤੀਜਾ ਪੜਾਅ

ਰਾਜ ਸਭਾ, ਧਨ ਬਿੱਲ ਦੇ ਪਾਸ ਹੋਣ ਵਿੱਚ ਕਿੰਨੇ ਸਮੇਂ ਦੀ ਦੇਰੀ ਕਰ ਸਕਦਾ ਹੈ?

14 ਦਿਨ

30 ਦਿਨ

25 ਦਿਨ

20 ਦਿਨ

ਰਾਸ਼ਟਰਪਤੀ ਦੀ ਚੋਣ ਲੜਣ ਲਈ ਉਮੀਦਵਾਰ ਦੀ ਉਮਰ ਘੱਟੋ ਘੱਟ ਕਿੰਨੀ ਹੋਣੀ ਚਾਹੀਦੀ ਹੈ?

25 ਸਾਲ

30 ਸਾਲ

35 ਸਾਲ

40 ਸਾਲ

ਰਾਸ਼ਟਰਪਤੀ ਦੀ ਚੋਣ ਲੜਨ ਲਈ ਚੋਣ ਮੰਡਲ ਵਿੱਚ ਕੌਣ ਭਾਗ ਲੈਂਦਾ ਹੈ?

ਲੋਕ ਸਭਾ ਦੇ ਸਾਰੇ ਮੈਂਬਰ

ਲੋਕ ਸਭਾ, ਰਾਜ ਸਭਾ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ ਚੁਣੇ ਹੋਏ ਮੈਂਬਰ

ਰਾਜ ਸਭਾ ਦੇ ਸਾਰੇ ਮੈਂਬਰ

ਲੋਕ ਸਭਾ, ਰਾਜ ਸਭਾ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਸਾਰੇ ਮੈਂਬਰ

ਹੇਠ ਲਿਖੀਆਂ ਰਾਸ਼ਟਰਪਤੀ ਦੀਆਂ ਸ਼ਕਤੀਆਂ ਵਿੱਚੋਂ ਕਿਹੜੀ ਸ਼ਕਤੀ ਵਿਧਾਨਿਕ ਸ਼ਕਤੀ ਦਾ ਨਮੂਨਾ ਹੈ?

ਰਾਜਾਂ ਦੇ ਰਾਜਪਾਲ ਨਿਯੁਕਤ ਕਰਨਾ

ਬਜਟ ਤਿਆਰ ਕਰਵਾਉਣਾ

ਸੰਸਦ ਦੁਆਰਾ ਪਾਸ ਕੀਤੇ ਬਿੱਲ ਤੇ ਹਸਤਾਖਰ ਕਰਕੇ ਕਾਨੂੰਨ ਦੀ ਸ਼ਕਲ ਦੇਣਾ

ਕਿਸੇ ਅਪਰਾਧੀ ਦੀ ਸਜ਼ਾ ਘੱਟ ਜਾਂ ਮਾਫ਼ ਕਰਨਾ

ਭਾਰਤੀ ਸੈਨਾ ਦਾ ਸੁਪਰੀਮ ਕਮਾਂਡਰ ਕੌਣ ਹੁੰਦਾ ਹੈ?

ਪ੍ਰਧਾਨ ਮੰਤਰੀ

ਰਾਸ਼ਟਰਪਤੀ

ਰਾਜਪਾਲ

ਉਪ ਰਾਸ਼ਟਰਪਤੀ

ਸਾਡੇ ਦੇਸ਼ ਦਾ ਰਾਸ਼ਟਰਪਤੀ ਕਿਸ ਸ਼ਕਤੀ ਤਹਿਤ ਸੰਘਾਤਮਕ ਸਰਕਾਰ ਨੂੰ ਇਕਾਤਮਕ ਸਰਕਾਰ ਵਿੱਚ ਬਦਲਣ ਦੀ ਸਮੱਰਥਾ ਰੱਖਦਾ ਹੈ?

ਨਿਆਂਇਕ ਸ਼ਕਤੀਆਂ

ਸੰਕਟਕਾਲੀਨ ਸ਼ਕਤੀਆਂ

ਵਿੱਤੀ ਸ਼ਕਤੀਆਂ

ਕਾਰਜਕਾਰੀ ਸ਼ਕਤੀਆਂ

ਮੰਤਰੀ ਪਰਿਸ਼ਦ ਵਿੱਚ ਸਭ ਤੋਂ ਉੱਚੇ ਪੱਧਰ ਦੇ ਮੰਤਰੀ ਕਿਹੜੇ ਹੁੰਦੇ ਹਨ?

ਰਾਜ ਮੰਤਰੀ

ਸੰਸਦੀ ਸਕੱਤਰ

ਕੈਬਨਿਟ ਮੰਤਰੀ

ਉਪਮੰਤਰੀ

ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਦੇ ਸੰਬੰਧ ਵਿੱਚ ਕਿਹੜਾ ਤਰਕ ਸਹੀ ਨਹੀਂ ਹੈ?

ਮੰਤਰੀ ਪਰਿਸ਼ਦ ਇੱਕ ਵੱਡੀ ਸੰਸਥਾ ਹੈ। ਜਿਸ ਵਿੱਚ ਸਾਰੀਆਂ ਸ਼੍ਰੇਣੀਆਂ ਦੇ ਮੰਤਰੀ ਸ਼ਾਮਲ ਹੁੰਦੇ ਹਨ

ਮੰਤਰੀ ਮੰਡਲ, ਮੰਤਰੀ ਪਰਿਸ਼ਦ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਜਿਸ ਵਿੱਚ ਕੇਵਲ ਕੈਬਨਿਟ ਦਰਜੇ ਦੇ ਮੰਤਰੀ ਹੁੰਦੇ ਹਨ

ਮੰਤਰੀ ਪਰਿਸ਼ਦ ਨੀਤੀ ਨਿਰਮਾਣ ਵਿੱਚ ਹਿੱਸਾ ਨਹੀਂ ਲੈਂਦੀ

ਮੰਤਰੀ ਪਰਿਸ਼ਦ ਦੇ ਮੈਂਬਰ, ਮੰਤਰੀ ਮੰਡਲ ਦੇ ਮੁਕਾਬਲੇ ਵਧੇਰੇ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਹੁੰਦੇ ਹਨ

ਸੁਪਰੀਮ ਕੋਰਟ ਵਿੱਚ ਅੱਜਕਲ੍ਹ ________ ਜੱਜ ਅਤੇ ਇੱਕ ਮੁੱਖ ਜੱਜ ਹੈ।

25

33

30

44

ਸਰਵ ਉੱਚ ਅਦਾਲਤ ਦੇ ਜੱਜਾਂ ਦੀ ਗਿਣਤੀ ਘਟਾਉਣ ਤੇ ਵਧਾਉਣ ਦਾ ਅਧਿਕਾਰ ਕਿਸ ਕੋਲ ਹੈ?

ਪ੍ਰਧਾਨ ਮੰਤਰੀ

ਵਿਰੋਧੀ ਦਲ

ਰਾਸ਼ਟਰਪਤੀ

ਰਾਜਪਾਲ

ਜਦੋਂ ਕਿਸੇ ਅਦਾਲਤ ਨੂੰ ਅਭਿਲੇਖ ਅਦਾਲਤ ਦਾ ਦਰਜਾ ਪ੍ਰਾਪਤ ਹੋ ਜਾਂਦਾ ਹੈ ਤਾਂ

ਉਸ ਅਦਾਲਤ ਦਾ ਅਪਮਾਨ ਕਰਨ ਵਾਲੇ ਵਿਅਕਤੀ ਨੂੰ ਸਜਾ ਦੇਣ ਦਾ ਅਧਿਕਾਰ ਮਿਲ ਜਾਂਦਾ ਹੈ।

ਉਸ ਅਦਾਲਤ ਦੇ ਮੁੱਖ ਜੱਜ ਨੂੰ ਮਨਮਾਨੀ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ

ਉਸ ਅਦਾਲਤ ਨੂੰ ਦੇਸ਼ ਤੋਂ ਬਾਹਰ ਫੈਸਲੇ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ

ਰਾਜ ਸਭਾ ਦੇ ਮੈਂਬਰ ਰਾਜਾਂ ਅਤੇ ਕੇਂਦਰੀ ਸ਼ਾਸਿਤ ਖੇਤਰਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਅਨੁਪਾਤਿਕ ਚੋਣ ਪ੍ਰਣਾਲੀ ਰਾਹੀਂ ਚੁਣੇ ਜਾਂਦੇ ਹਨ।

ਠੀਕ

ਗਲਤ

https://forms.gle/fWd2QJysY9eni1Ee8

ਪਾਠ 12 - ਰਾਜ ਸਰਕਾਰ 👇

ਰਾਜ ਦੇ ਲੋਕਾਂ ਲਈ ਕਾਨੂੰਨ ਬਣਾਉਣ ਲਈ ਭਾਰਤੀ ਸੰਵਿਧਾਨ ਅਧੀਨ ਰਾਜ ਵਿਧਾਨਪਾਲਿਕਾ ਦਾ ਪ੍ਰਬੰਧ ਕੀਤਾ ਗਿਆ ਹੈ।

ਗਲਤ

ਠੀਕ

ਦੋ ਸਦਨੀ ਵਿਧਾਨਪਾਲਿਕਾ ਵਾਲੇ ਰਾਜਾਂ ਦੇ ਉਪਰਲੇ ਸਦਨ ਨੂੰ ____________ ਕਿਹਾ ਜਾਂਦਾ ਹੈ।

ਵਿਧਾਨ ਸਭਾ

ਵਿਧਾਨ ਪਰਿਸ਼ਦ

ਰਾਜ ਵਿਧਾਨ ਸਭਾ ਦੇ ਘੱਟੋ ਘੱਟ 60 ਅਤੇ ਵੱਧ ਤੋਂ ਵੱਧ ______ ਮੈਂਬਰ ਹੋ ਸਕਦੇ ਹਨ।

200

300

400

500

ਰਾਜ ਵਿਧਾਨ ਸਭਾ ਦਾ ਮੈਂਬਰ ਬਣਨ ਲਈ ਘੱਟੋ ਘੱਟ __________ ਸਾਲ ਦੀ ਉਮਰ ਹੋਣੀ ਚਾਹੀਦੀ ਹੈ।

18 ਸਾਲ

21 ਸਾਲ

25 ਸਾਲ

30 ਸਾਲ

ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ __________ ਹੈ।

113

117

238

250

ਰਾਜ ਵਿਧਾਨ ਸਭਾ ਦੀ ਕਾਰਵਾਈ ਚਲਾਉਣ ਲਈ ਕੁੱਲ ਮੈਂਬਰਾਂ ਦਾ ਕਿੰਨਾ ਭਾਗ ਇਸਦਾ ਕੋਰਮ ਨਿਸ਼ਚਿਤ ਕੀਤਾ ਗਿਆ ਹੈ?

1/10 ਭਾਗ

2/10 ਭਾਗ

1/3 ਭਾਗ

2/3 ਭਾਗ

ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਸੰਖਿਆ ਘੱਟ ਤੋਂ ਘੱਟ ਕਿੰਨੀ ਨਿਸ਼ਚਿਤ ਕੀਤੀ ਗਈ ਹੈ?

40

50

60

70

ਵਿਧਾਨ ਪਰਿਸ਼ਦ ਦਾ ਮੈਂਬਰ ਬਣਨ ਲਈ ਘੱਟ ਤੋਂ ਘੱਟ ਕਿੰਨੀ ਉਮਰ ਨਿਸ਼ਚਿਤ ਕੀਤੀ ਗਈ ਹੈ?

25 ਸਾਲ

30 ਸਾਲ

35 ਸਾਲ

21 ਸਾਲ

ਵਿਨਾਨ ਪਰਿਸ਼ਦ ਵਿੱਚ ਰਾਜਪਾਲ ਕਿੰਨੇ ਮੈਂਬਰ ਨਾਮਜ਼ਦ ਕਰਦਾ ਹੈ?

⅙

⅛

½

⅓

__________ ਇੱਕ ਸਥਾਈ ਸਦਨ ਹੈ ਅਤੇ ਇਸ ਦੇ 1/3 ਮੈਂਬਰ ਹਰ 2 ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ।

ਵਿਧਾਨ ਸਭਾ

ਵਿਧਾਨ ਪਰਿਸ਼ਦ

ਰਾਜ ਵਿਧਾਨ ਸਭਾ ਕਿਹੜੀ ਸੂਚੀ ਤਹਿਤ ਕਾਨੂੰਨ ਨਹੀਂ ਬਣਾ ਸਕਦੀ?

ਸਮਵਰਤੀ ਸੂਚੀ

ਸੰਘੀ ਸੂਚੀ

ਰਾਜ ਸੂਚੀ

ਬਿਹਾਰ, ਉੱਤਰ ਪ੍ਰਦੇਸ਼, ਕਰਨਾਟਕ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਸਮੇਤ 6 ਰਾਜਾਂ ਵਿੱਚ ਦੋ ਸਦਨੀ ਵਿਧਾਨਪਾਲਿਕਾ ਹੈ।

ਠੀਕ

ਗਲਤ

ਵਿਧਾਨ ਸਭਾ ਦੁਆਰਾ ਪਾਸ ਕੀਤੇ ਬਜਟ ਨੂੰ ਵਿਧਾਨ ਪਰਿਸ਼ਦ ਵੱਲੋਂ ਕਿੰਨੇ ਦਿਨਾਂ ਅੰਦਰ ਵਾਪਸ ਭੇਜਣਾ ਹੁੰਦਾ ਹੈ?

30

25

14

10

ਰਾਜ ਵਿਧਾਨ ਸਭਾ ਵਿੱਚ ____________ ਦੀ ਮਨਜ਼ੂਰੀ ਪਿੱਛੋਂ ਕੋਈ ਬਿੱਲ ਕਾਨੂੰਨ ਦਾ ਰੂਪ ਧਾਰਨ ਕਰ ਲੈਂਦਾ ਹੈ।

ਰਾਸ਼ਟਰਪਤੀ

ਪ੍ਰਧਾਨ ਮੰਤਰੀ

ਗਵਰਨਰ (ਰਾਜਪਾਲ)

ਮੁੱਖ ਮੰਤਰੀ

ਰਾਜ ਦਾ ਸੰਵਿਧਾਨਿਕ ਮੁਖੀ ਕੌਣ ਹੁੰਦਾ ਹੈ?

ਰਾਸ਼ਟਰਪਤੀ

ਪ੍ਰਧਾਨ ਮੰਤਰੀ

ਰਾਜਪਾਲ

ਮੁੱਖ ਮੰਤਰੀ

ਵਰਤਨਮਾਨ ਸਮੇਂ ਵਿੱਚ ਰਾਜਪਾਲ ਦੀ ਤਨਖਾਹ 3 ਲੱਖ 50 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੈ।

ਠੀਕ

ਗਲਤ

ਜਦੋਂ ਵਿਧਾਨਪਾਲਿਕਾ ਦਾ ਅਧਿਵੇਸ਼ਨ ਨਾ ਹੋ ਰਿਹਾ ਹੋਵੇ ਤਾਂ ਰਾਜਪਾਲ ਲੋੜ ਪੈਣ ਤੇ ____________ ਜਾਰੀ ਕਰ ਸਕਦਾ ਹੈ।

ਹੁਕਮ

ਕਾਨੂੰਨ

ਅਧਿਆਦੇਸ਼

ਸਿੱਕੇ

ਮੰਤਰੀ ਪਰਿਸ਼ਦ ਵਿੱਚ ਕੈਬਨਿਟ ਮੰਤਰੀ, ਰਾਜ ਮੰਤਰੀ, ਉਪ ਮੰਤਰੀ ਅਤੇ ਸੰਸਦੀ ਸਕੱਤਰ ਹੁੰਦੇ ਹਨ।

ਗਲਤ

ਠੀਕ

ਜੇਕਰ ਕੋਈ ਮੰਤਰੀ ਵਿਧਾਨ ਪਾਲਿਕਾ ਦਾ ਮੈਂਬਰ ਨਹੀਂ ਹੈ ਤਾਂ ਉਸ ਨੂੰ ______ ਮਹੀਨੇ ਦੇ ਅੰਦਰ ਅੰਦਰ ਇਸ ਦਾ ਮੈਂਬਰ ਬਣਨਾ ਪੈਂਦਾ ਹੈ, ਨਹੀਂ ਤਾਂ ਉਹ ਮੰਤਰੀ ਪਦ ਤੇ ਨਹੀਂ ਰਹਿ ਸਕਦਾ।

3

6

9

12
ਰਾਜ ਦੀ ਸਭ ਤੋਂ ਉੱਚੀ ਅਦਾਲਤ ਨੂੰ ਕੀ ਕਹਿੰਦੇ ਹਨ?
ਸੁਪਰੀਮ ਕੋਰਟ
ਹਾਈ ਕੋਰਟ
ਜ਼ਿਲ੍ਹਾ ਅਦਾਲਤ

ਮੰਤਰੀ ਪਰਿਸ਼ਦ ਦੇ ਮੈਂਬਰਾਂ ਦੀ ਗਿਣਤੀ ਵਿਧਾਨਸਭਾ ਦੇ ਕੁੱਲ ਮੈਂਬਰਾਂ ਦੀ ਗਿਣਤੀ ਤੋਂ __________ ਤੋਂ ਵੱਧ ਨਹੀਂ ਹੋ ਸਕਦੀ।
10%
15%
20%
25%

ਪੰਜਾਬ ਅਤੇ ਹਰਿਆਣ ਹਾਈ ਕੋਰਟ ਵਿੱਚ ਜੱਜਾਂ ਦੀ ਸੰਖਿਆ _______ ਹੈ।
25
33
48
58

ਪੂਰੇ ਦੇਸ਼ ਵਿੱਚ ਕਿੰਨੀਆਂ ਹਾਈ ਕੋਰਟਾਂ ਹਨ?
20
25
23
27

ਹਾਈ ਕੋਰਟ ਦੇ ਜੱਜਾਂ ਦੇ ਸੰਬੰਧ ਵਿੱਚ ਕਿਹੜਾ ਤੱਥ ਗਲਤ ਹੈ?
ਜੱਜ ਬਣਨ ਲਈ ਦਸ ਸਾਲ ਤੱਕ ਕਿਸੇ ਅਧੀਨ ਅਦਾਲਤ ਵਿੱਚ ਜੱਜ ਰਿਹਾ ਹੋਵੇ ਜਾਂ ਕਿਸੇ ਹਾਈ ਕੋਰਟ ਚ 10 ਸਾਲ ਵਕਾਲਤ ਕੀਤੀ ਹੋਵੇ
ਹਾਈ ਕੋਰਟ ਦਾ ਜੱਜ 62 ਸਾਲ ਦੀ ਉਮਰ ਤੱਕ ਆਪਣੇ ਅਹੁਦੇ ਤੇ ਰਹਿ ਸਕਦਾ ਹੈ
ਹਾਈ ਕੋਰਟ ਦੇ ਮੁੱਖ ਜੱਜ ਦੀ ਤਨਖਾਹ 2.5 ਲੱਖ ਰੁਪਏ ਅਤੇ ਬਾਕੀ ਜੱਜਾਂ ਦੀ ਤਨਖਾਹ 2.25 ਲੱਖ ਰੁਪਏ ਹੁੰਦੀ ਹੈ
ਹਾਈ ਕੋਰਟ ਦੇ ਜੱਜਾਂ ਨੂੰ ਦੂਜੇ ਰਾਜਾਂ ਦੀਆਂ ਹਾਈ ਕੋਰਟਾਂ ਵਿੱਚ ਬਦਲਿਆ ਨਹੀਂ ਜਾ ਸਕਦਾ

ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਕਰਨ ਸਮੇਂ ਰਾਸ਼ਟਰਪਤੀ ਭਾਰਤ ਦੇ ਮੁੱਖ ਜੱਜ ਅਤੇ ਰਾਜ ਦੇ ਰਾਜਪਾਲ ਦੀ ਸਲਾਹ ਲੈਂਦੇ ਹਨ।
ਗਲਤ
ਠੀਕ

ਗਰੀਬ, ਸ਼ੋਸ਼ਿਤ ਅਤੇ ਲਤਾੜੇ ਗਏ ਭਾਰਤੀ ਲੋਕਾਂ ਨੂੰ ਛੇਤੀ ਨਿਆਂ ਦਿਵਾਉਣ ਦੇ ਉਦੇਸ਼ ਲਈ _______________ ਹੋਂਦ ਵਿੱਚ ਆਈਆਂ।
ਜ਼ਿਲ੍ਹਾ ਅਦਾਲਤਾਂ
ਉੱਚ ਅਦਾਲਤਾਂ
ਲੋਕ ਅਦਾਲਤਾਂ

ਮਾਨਯੋਗ ਮੁੱਖ ਨਿਆਂਧੀਸ਼ ਪੀ. ਐਨ. ਭਗਵਤੀ ਲੋਕ ਅਦਾਲਤਾਂ ਦੀ ਧਾਰਨਾ ਦੇ ਬਾਨੀ ਮੰਨੇ ਜਾਂਦੇ ਹਨ।
ਠੀਕ
ਗਲਤ

ਜ਼ਿਲ੍ਹਾ ਪੱਧਰ ਤੇ ਸੈਸ਼ਨ ਜੱਜ ਦੀ ਅਦਾਲਤ ਸਭ ਤੋਂ ਵੱਡੀ ਅਦਾਲਤ ਹੁੰਦੀ ਹੈ।
ਠੀਕ
ਗਲਤ

ਵਰਤਮਾਨ ਸਮੇਂ ਵਿੱਚ ਸੰਘੀ ਸੂਚੀ ਵਿੱਚ ਕੌਮੀ ਮਹੱਤਵ ਦੇ 97 ਵਿਸ਼ੇ, ਰਾਜ ਸੂਚੀ ਵਿੱਚ 61 ਅਤੇ ਸਮਵਰਤੀ ਸੂਚੀ ਵਿੱਚ 52 ਵਿਸ਼ੇ ਰੱਖੇ ਗਏ ਹਨ।
ਗਲਤ
ਠੀਕ

ਸੰਵਿਧਾਨ ਦੀ ______ ਅਨੁਸੂਚੀ ਅਨੁਸਾਰ ਵਿਸ਼ਿਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ।
ਤੀਜੀ
ਚੌਥੀ
ਪੰਜਵੀਂ
ਸਤਵੀਂ

ਰਾਜ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਵਿਅਕਤੀ ਨੂੰ ___________ ਵੱਲੋਂ ਮੁੱਖ-ਮੰਤਰੀ ਨਿਯੁਕਤ ਕੀਤਾ ਜਾਂਦਾ ਹੈ।
ਰਾਸ਼ਟਰਪਤੀ
ਰਾਜਪਾਲ

ਮੁੱਖ ਜੱਜ

ਸਪੀਕਰ

ਭਾਰਤ ਦੇ ਸੰਵਿਧਾਨ ਦੇ 11ਵੇਂ ਅਤੇ 12ਵੇਂ ਭਾਗ ਵਿੱਚ ਸੰਘ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ।

ਠੀਕ

ਗਲਤ

https://forms.gle/h9dsgezejjRaJ4NE7



ਪਾਠ 13 - ਭਾਰਤੀ ਲੋਕਤੰਤਰ ਦਾ ਸਰੂਪ 👇

ਡੈਮੋਕ੍ਰੇਸੀ ________ ਭਾਸ਼ਾ ਦੇ ਦੋ ਸ਼ਬਦਾਂ - ਡਿਮੋਸ ਅਤੇ ਕ੍ਰੇਤੀਆ ਨਾਲ ਮਿਲ ਕੇ ਬਣਿਆ ਹੈ।

ਅੰਗਰੇਜ਼ੀ

ਫਾਰਸੀ

ਗ੍ਰੀਕ

ਅਰਬੀ

ਲੋਕਤੰਤਰ ਦੀ ਸਫਲਤਾ ਲਈ ਹੇਠ ਲਿਖਿਆਂ ਵਿੱਚੋਂ ਕਿਹੜਾ ਤੱਥ ਸਹੀ ਨਹੀਂ ਹੈ।

ਹਰੇਕ ਨਾਗਰਿਕ ਚੰਗੇ ਆਚਰਨ ਵਾਲਾ, ਪੜ੍ਹਿਆ-ਲਿਖਿਆ ਤੇ ਵਿਵੇਕਸ਼ੀਲ

ਚੰਗੇ ਅਤੇ ਯੋਗ ਨੇਤਾ

ਸੁਤੰਤਰ ਤੇ ਨਿਰਪੱਖ ਮੀਡੀਆ ਅਤੇ ਨਿਆਂਪਾਲਿਕਾ

ਭ੍ਰਿਸ਼ਟ ਰਾਜਨੀਤਿਕ ਦਲ

ਸਮਾਜਿਕ ਸਮਾਨਤਾ ਤੋਂ ਭਾਵ ਹੈ ਕਿ -

ਕਿਸੇ ਵਿਅਕਤੀ ਨਾਲ ਨਸਲ, ਰੰਗ, ਧਰਮ, ਜਨਮ, ਜਾਤ, ਭਾਸ਼ਾ, ਲਿੰਗ ਦੇ ਅਧਾਰ ਤੇ ਵਿਤਕਰਾ ਨਾ ਕਰਨਾ

ਨਾਗਰਿਕਾਂ ਦੀਆਂ ਘੱਟੋ ਘੱਟ ਭੌਤਿਕ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਯਤਨ ਕਰਨਾ

ਨਾਗਰਿਕਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਸਮਾਨ ਰਾਜਨੀਤਿਕ ਅਧਿਕਾਰ ਦੇਣਾ

ਭਾਰਤੀ ਨਾਗਰਿਕਾਂ ਨੂੰ ਸਰਕਾਰ ਦੀ ਆਲੋਚਨਾ ਅਤੇ ਵਿਰੋਧ ਕਰਨ ਦੀ ਆਜ਼ਾਦੀ ਪ੍ਰਾਪਤ ਹੈ।

ਠੀਕ

ਗਲਤ

ਬਾਲਗ ਮੱਤ ਅਧਿਕਾਰ ਦੇ ਸੰਬੰਧ ਵਿੱਚ ਹੇਠ ਲਿਖਿਆ ਵਿੱਚੋ ਕਿਹੜਾ ਤੱਥ ਗਲਤ ਹੈ।

ਭਾਰਤੀ ਸੰਵਿਧਾਨ ਅਨੁਸਾਰ ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਤੋਂ ਬਾਲਗ ਮੱਤ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ

ਹਰੇਕ ਭਾਰਤੀ ਬਾਲਗ ਜਿਸ ਦੀ ਉਮਰ 18 ਸਾਲ ਦੀ ਹੈ ਉਹ ਆਪਣੇ ਪ੍ਰਤੀਨਿਧਾਂ ਦੀ ਚੋਣ ਵਿਚ ਭਾਗ ਲੈਂਦਾ ਹੈ

ਰਾਜ ਦੀਆਂ ਵਿਧਾਨ ਸਭਾਵਾਂ ਅਤੇ ਭਾਰਤੀ ਸੰਸਦ ਦੀਆਂ ਚੋਣਾਂ ਬਾਲਗ ਮੱਤ ਅਧਿਕਾਰ ਅਨੁਸਾਰ ਪ੍ਰਤੱਖ ਤੌਰ ਤੇ ਕਰਵਾਈਆਂ ਜਾਂਦੀਆਂ ਹਨ

ਭਾਰਤੀ ਸੰਵਿਧਾਨ ਵਿਚ ਬਾਲਗਾਂ ਲਈ ਸੰਪਰਦਾਇਕ ਚੋਣ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ

ਭਾਰਤ ਵਿੱਚ ਪਹਿਲੀ ਵਾਰੀ ਆਮ ਚੋਣਾਂ ਕਦੋਂ ਹੋਈਆਂ?

1947

1950

1951

1952

ਹੇਠ ਲਿਖਿਆਂ ਵਿਚੋਂ ਕਿਸ ਦੀ ਚੋਣ ਪ੍ਰਤੱਖ ਚੋਣ ਪ੍ਰਣਾਲੀ ਰਾਹੀਂ ਕੀਤੀ ਜਾਂਦੀ ਹੈ?

ਰਾਸ਼ਟਰਪਤੀ

ਪ੍ਰਧਾਨ ਮੰਤਰੀ

ਉਪ-ਰਾਸ਼ਟਰਪਤੀ

ਰਾਜ ਸਭਾ ਦੇ ਮੈਂਬਰ

ਚੋਣ ਮੁਹਿੰਮ ਤੇ ਪ੍ਰਚਾਰ ਅਸਲੀ ਮਤਦਾਨ ਸ਼ੁਰੂ ਹੋਣ ਤੇ ਕਿੰਨੇ ਘੰਟੇ ਪਹਿਲਾਂ ਸਮਾਪਤ ਹੋ ਜਾਂਦੇ ਹਨ ?

24 ਘੰਟੇ

36 ਘੰਟੇ

48 ਘੰਟੇ

72 ਘੰਟੇ

ਹਰੇਕ ਉਮੀਦਵਾਰ ਨੂੰ ਚੋਣ ਸਮਾਪਤ ਹੋਣ ਤੋਂ ਕਿੰਨੇ ਦਿਨਾਂ ਦੇ ਅੰਦਰ ਅੰਦਰ ਚੋਣ ਵਿਚ ਖਰਚ ਕੀਤੇ ਜਾਣ ਵਾਲੇ ਧਨ ਦਾ ਵੇਰਵਾ ਚੋਣ ਆਯੋਗ ਨੂੰ ਭੇਜਣਾ ਪੈਂਦਾ ਹੈ?

30 ਦਿਨ

45 ਦਿਨ

60 ਦਿਨ

72 ਦਿਨ

ਚੋਣ ਆਯੋਗ ਦੇ ਮੈਂਬਰਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕਿੰਨੇ ਸਾਲਾਂ ਲਈ ਕੀਤੀ ਜਾਂਦੀ ਹੈ?

2 ਸਾਲ

4 ਸਾਲ

5 ਸਾਲ

6 ਸਾਲ

ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਦੋਂ ਕੀਤੀ ਗਈ?

1887 ਈਸਵੀ

1906 ਈਸਵੀ

1934 ਈਸਵੀ

1924 ਈਸਵੀ

ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ ਕਦੋਂ ਅਤੇ ਕਿਸ ਦੀ ਅਗਵਾਈ ਹੇਠ ਹੋਇਆ?

1906 ਈਸਵੀ, ਸਰ ਸੱਯਦ ਅਹਿਮਦ ਖਾਂ

1980 ਈਸਵੀ, ਅਟਲ ਬਿਹਾਰੀ ਬਾਜਪਾਈ

1885 ਈਸਵੀ, ਏ. ਓ. ਹਿਊਮ

1974 ਈਸਵੀ, ਚੌਧਰੀ ਚਰਨ ਸਿੰਘ

ਹੇਠ ਲਿਖਿਆਂ ਵਿੱਚੋਂ ਕਿਹੜਾ ਕੰਮ ਵਿਰੋਧੀ ਦਲ ਦੀ ਭੂਮਿਕਾ ਵਿੱਚ ਸ਼ਾਮਿਲ ਨਹੀਂ ਹੈ?

ਸਰਕਾਰ ਨੂੰ ਨਿਰਕੁੰਸ਼ ਬਣਨ ਤੋਂ ਰੋਕਣਾ

ਜਨਤਕ ਸ਼ਿਕਾਇਤਾਂ ਨੂੰ ਪ੍ਰਗਟ ਕਰਨਾ

ਸਰਕਾਰ ਦੀ ਆਲੋਚਨਾ ਕਰਨਾ

ਲੋਕਾਂ ਨੂੰ ਧਾਰਮਿਕ ਸਿੱਖਿਆ ਦੇਣਾ

https://forms.gle/Qp1AqaHDVWNWDrGXA

ਪਾਠ 14 - ਭਾਰਤ ਦੀ ਵਿਦੇਸ਼ ਨੀਤੀ ਅਤੇ ਸੰਯੁਕਤ ਰਾਸ਼ਟਰ 👇

ਭਾਰਤ ਦੀ ਵਰਤਮਾਨ ਵਿਦੇਸ਼ ਨੀਤੀ ਦੇ ਬਾਨੀ ਕੋਣ ਸਨ?

ਪੰਡਿਤ ਜਵਾਹਰ ਲਾਲ ਨਹਿਰੂ

ਮਹਾਤਮਾ ਗਾਂਧੀ

ਲਾਲਾ ਲਾਜਪਤ ਰਾਏ

ਭਗਤ ਸਿੰਘ

ਪੰਚਸ਼ੀਲ ਸਮਝੌਤਾ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਅਤੇ ਚੀਨ ਦੇ ਪ੍ਰਧਾਨ ਮੰਤਰੀ ਚਾਓ-ਏਨ-ਲਾਈ ਵਿਚਕਾਰ ਕਦੋਂ ਹੋਇਆ?

29 ਅਪ੍ਰੈਲ 1944

29 ਅਪ੍ਰੈਲ 1954

29 ਅਪ੍ਰੈਲ 1964

29 ਅਪ੍ਰੈਲ 1974

ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦੀ ਵਿਰੋਧਤਾ ਕਰਨੀ ਭਾਰਤੀ ਵਿਦੇਸ਼ ਨੀਤੀ ਦਾ ਮੁੱਖ ਸਿਧਾਂਤ ਹੈ।

ਠੀਕ

ਗਲਤ

ਭਾਰਤ ਦੀ ਵਿਦੇਸ਼ ਨੀਤੀ ਦਾ ਇੱਕ ਮੂਲ ਸਿਧਾਂਤ ਦੱਸੋ।

ਧਰਮ ਨਿਰਪੱਖਤਾ

ਆਰਥਿਕ ਵਿਕਾਸ

ਵਿਦੇਸ਼ ਨੀਤੀ

ਗੁੱਟ ਨਿਰਪੇਖਤਾ

ਨਿਸ਼ਸਤਰੀਕਰਨ ਦਾ ਕੀ ਅਰਥ ਹੈ?

ਮਾਨਵਤਾ ਦੀ ਰੱਖਿਆ ਅਤੇ ਵਿਸ਼ਵ ਸ਼ਾਂਤੀ ਲਈ ਹਥਿਆਰਾਂ ਦੀ ਦੌੜ ਨੂੰ ਘਟਾਉਣਾ

ਹਥਿਆਰਬੰਦੀ ਅਤੇ ਸੈਨਿਕ ਸ਼ਕਤੀ ਨੂੰ ਵਧਾਉਣਾ

ਮਾਰੂ ਹਥਿਆਰਾਂ ਨੂੰ ਇਕੱਠਾ ਕਰਨਾ

1998 ਵਿੱਚ ਭਾਰਤ ਨੇ ਪੋਖਰਨ ਵਿਖੇ ਪਰਮਾਣੂ ਬੰਬ ਧਮਾਕਾ ਕੀਤਾ। ਪੋਖਰਨ ਭਾਰਤ ਦੇ ਕਿਸ ਰਾਜ ਵਿੱਚ ਸਥਿਤ ਹੈ?

ਰਾਜਸਥਾਨ

ਬਿਹਾਰ

ਪੱਛਮੀ ਬੰਗਾਲ

ਆਂਧਰਾ ਪ੍ਰਦੇਸ਼

ਗੁੱਟ-ਨਿਰਲੇਪਤਾ ਦਾ ਅਰਥ ਸੈਨਿਕ ਗੁੱਟਾਂ ਨਾਲੋਂ ਗੁੱਟ-ਨਿਰਲੇਪਤਾ ਹੈ।

ਠੀਕ

ਗਲਤ

ਸੰਯੁਕਤ ਰਾਸ਼ਟਰ ਸੰਘ ਦਾ ਜਨਮ ਕਦੋਂ ਹੋਇਆ?

24 ਅਕਤੂਬਰ 1945

24 ਅਕਤੂਬਰ 1947

26 ਜਨਵਰੀ 1950

24 ਦਸੰਬਰ 1918

ਸੰਯੁਕਤ ਰਾਸ਼ਟਰ ਦੀ ਸਥਾਪਨਾ ਸਮੇਂ ਇਸ ਦੇ 51 ਮੌਲਿਕ ਮੈਂਬਰ ਸਨ।

ਠੀਕ

ਗਲਤ

ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪਰਿਸ਼ਦ ਵਿੱਚ ਕੁੱਲ 15 ਮੈਂਬਰ ਹਨ। ਇਨ੍ਹਾਂ ਵਿੱਚੋਂ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ।

ਠੀਕ

ਗਲਤ

ਹੇਠ ਲਿਖਿਆਂ ਵਿੱਚੋਂ ਕਿਹੜਾ ਦੇਸ਼ ਸੁਰੱਖਿਆ ਪਰਿਸ਼ਦ ਦਾ ਸਥਾਈ ਮੈਂਬਰ ਨਹੀਂ ਹੈ?

ਸੰਯੁਕਤ ਰਾਜ ਅਮਰੀਕਾ

ਇੰਗਲੈਂਡ

ਰੂਸ

ਚੀਨ

ਭਾਰਤ

ਫਰਾਂਸ

ਸੁਰੱਖਿਆ ਪਰਿਸ਼ਦ ਦੇ ਸਥਾਈ ਮੈਂਬਰਾਂ ਦੀ ਸਹਿਮਤੀ ਤੋਂ ਬਿਨਾਂ ਵੀ ਕੋਈ ਫੈਸਲਾ ਲਿਆ ਜਾ ਸਕਦਾ ਹੈ।

ਠੀਕ

ਗਲਤ

ਅੰਤਰ-ਰਾਸ਼ਟਰੀ ਅਦਾਲਤ ਵਿੱਚ ਕੁੱਲ ਕਿੰਨੇ ਜੱਜ ਹੁੰਦੇ ਹਨ?

10

15

20

25

ਅੰਤਰ-ਰਾਸ਼ਟਰੀ ਅਦਾਲਤ ਵਿੱਚ ਜੱਜਾਂ ਦੀ ਚੋਣ ਮਹਾਂ ਸਭਾ ਅਤੇ ਸੁਰੱਖਿਆ ਪਰਿਸ਼ਦ ਦੁਆਰਾ ਕਿੰਨੇ ਸਮੇਂ ਲਈ ਕੀਤੀ ਜਾਂਦੀ ਹੈ?

3 ਸਾਲ

5 ਸਾਲ

7 ਸਾਲ

9 ਸਾਲ

ਅੰਤਰ-ਰਾਸ਼ਟਰੀ ਅਦਾਲਤ ਦਾ ਮੁੱਖ ਦਫ਼ਤਰ ਕਿੱਥੇ ਸਥਿਤ ਹੈ?

ਹੇਗ (ਹਾਲੈਂਡ)

ਵਾਸ਼ਿੰਗਟਨ (ਅਮਰੀਕਾ)

ਲੰਡਨ (ਇੰਗਲੈਂਡ)

ਪੈਰਿਸ (ਫਰਾਂਸ)

ਅੰਤਰ-ਰਾਸ਼ਟਰੀ ਅਦਾਲਤ ਦੇ ਇੱਕ ਤਿਹਾਈ ਜੱਜ ਹਰ 3 ਸਾਲਾਂ ਬਾਅਦ ਰਿਟਾਇਰ ਹੋ ਜਾਂਦੇ ਹਨ।

ਠੀਕ

ਗਲਤ

ਸਕੱਤਰੇਤ ਦੇ ਮੁਖੀ ਮਹਾਂ-ਸਕੱਤਰ ਦੀ ਨਿਯੁਕਤੀ ਕਿੰਨੇ ਸਾਲਾਂ ਲਈ ਕੀਤੀ ਜਾਂਦੀ ਹੈ?

3 ਸਾਲ

5 ਸਾਲ

2 ਸਾਲ

1 ਸਾਲ

ਭਾਰਤ ਦੀ ਸ੍ਰੀਮਤੀ ਵਿਜੈ ਲਕਸ਼ਮੀ ਪੰਡਿਤ ਪਹਿਲੀ ਇਸਤਰੀ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਦੀ ਪ੍ਰਧਾਨ ਕਦੋਂ ਚੁਣੀ ਗਈ?

1950 ਈ.

1954 ਈ.

1961 ਈ.

1971 ਈ.

ਚੀਨ ਨੇ ਭਾਰਤ ਉੱਪਰ ਕਦੋਂ ਹਮਲਾ ਕੀਤਾ ਸੀ?

1947 ਈ.

1962 ਈ.

1971 ਈ.

1972 ਈ.

1999 ਈ. ਵਿੱਚ ਪਾਕਿਸਤਾਨ ਨੇ ਹਮਲਾ ਕਰਕੇ ਭਾਰਤ ਦੇ ਕਿਹੜੇ ਇਲਾਕੇ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ?

ਕਸ਼ਮੀਰ

ਕਾਰਗਿਲ

ਜੰਮੂ

ਦਰਾਸ

ਭਾਰਤ-ਪਾਕਿਸਤਾਨ ਦੀਆਂ ਆਪਸੀ ਸਮਸਿਆਵਾਂ ਸੁਲਝਾਉਣ ਲਈ ਨਹਿਰੂ-ਲਿਆਕਤ ਅਲੀ ਸਮਝੌਤਾ ਕਦੋਂ ਹੋਇਆ?

1948 ਈ.

1950 ਈ.

1954 ਈ.

1971 ਈ.

ਪਾਕਿਸਤਾਨ ਨੇ ਭਾਰਤ ਉੱਪਰ 1965 ਅਤੇ 1971 ਈ. ਵਿੱਚ ਦੋ ਵਾਰੀ ਹਮਲੇ ਕੀਤੇ ਅਤੇ ਦੋਵੇਂ ਵਾਰੀ ਉਸਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ।

ਠੀਕ

ਗਲਤ

https://forms.gle/jPvvxUUZAyN5qHT18

3 ਅਤੇ 5 ਅੰਕਾਂ ਵਾਲੇ ਮਹੱਤਵਪੂਰਨ ਪ੍ਰਸ਼ਨ

ਭੂਗੋਲ-ਭਾਗ

ਪਾਠ-1 : ਸੋਮੇ ਅਤੇ ਵਿਕਾਸ

(3 ਅੰਕਾਂ ਵਾਲੇ ਪ੍ਰਸ਼ਨ)

ਚਲੰਤ ਪਰਤੀ ਭੂਮੀ ਤੇ ਕਿਸੇ ਹੋਰ ਕਿਸਮ ਦੀ ਪਰਤੀ ਭੂਮੀ ਵਿੱਚ ਕੀ ਅੰਤਰ ਹੈ?

ਜੈਵਿਕ ਤੇ ਅਜੈਵਿਕ ਸੋਮੇ ਕੀ ਹੁੰਦੇ ਹਨ? ਉਦਾਹਰਣਾਂ ਦਿਓ

ਪਹਾੜੀ ਖੇਤਰਾਂ ਵਿੱਚ ਭੌਂ-ਖੋਰ ਨੂੰ ਰੋਕਣ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਸਕਦੇ ਹਨ?

ਆਫ਼ਤਾਂ ਦੇ ਪ੍ਰਬੰਧਨ ਤੋਂ ਕੀ ਭਾਵ ਹੈ?

ਜ਼ੋਨਲ ਤੇ ਅਜ਼ੋਨਲ ਮਿੱਟੀਆਂ ਤੇ ਨੋਟ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਆਲਮੀ ਤਪਸ਼ ਕਿਸ ਨੂੰ ਕਹਿੰਦੇ ਹਨ? ਵਿਆਖਿਆ ਕਰੋ।

ਸਾਧਨਾਂ ਦੀ ਪਰਿਭਾਸ਼ਾ ਦਿਓ ਤੇ ਇਨ੍ਹਾਂ ਦਾ ਵਰਗੀਕਰਨ ਕਰੋ। ਕੋਈ ਦੋ ਕਿਸਮ ਦੇ ਸਾਧਨਾਂ ਦੀ ਵਿਆਖਿਆ ਵੀ ਕਰੋ।

ਆਫ਼ਤਾਂ ਪ੍ਰਬੰਧਨ ਬਾਰੇ ਸੈਂਡਾਈ ਫਰੇਮਵਰਕ ਬਾਰੇ ਸੰਖੇਪ ਵਿੱਚ ਲਿਖੋ।

ਤਕਨੀਕ ਅਤੇ ਆਰਥਿਕ ਵਿਕਾਸ ਨਾਲ ਸੋਮਿਆਂ ਦਾ ਉਪਭੋਗ ਕਿਵੇਂ ਵੱਧ ਜਾਂਦਾ ਹੈ?

ਜਲਵਾਯੂ ਪਰਿਵਰਤਨ ਨਾਲ ਸ਼ਰਨਾਰਥੀਆਂ ਤੇ ਕੀ ਪ੍ਰਭਾਵ ਪੈਂਦਾ ਹੈ?

ਭਾਰਤ ਵਿੱਚ ਭੂਮੀ ਦੀ ਵਰਤੋਂ ਬਾਰੇ ਦੱਸੋ। ਇਹ ਵੀ ਦੱਸੋ ਕਿ ਭਾਰਤ ਵਿੱਚ 1960-61 ਤੋਂ ਬਾਅਦ ਜੰਗਲਾਂ ਹੇਠ ਰਕਬੇ ਵਿੱਚ ਕੋਈ ਜ਼ਿਆਦਾ ਵਾਧਾ ਕਿਉਂ ਨਹੀਂ ਹੋਇਆ।

ਪਾਠ-2 : ਜੈਵਿਕ ਭੂਗੋਲ

(3 ਅੰਕਾਂ ਵਾਲੇ ਪ੍ਰਸ਼ਨ)

ਜੈਵਿਕ ਭੂਗੋਲ ਕੀ ਹੈ? ਪਰਿਭਾਸ਼ਾ ਦਿਓ

ਜੈਵਿਕ ਵਿਭਿੰਨਤਾ ਦੀਆਂ ਕਿਸਮਾਂ ਕੀ ਹੋ ਸਕਦੀਆਂ ਹਨ?

ਭਾਰਤ ਵਿੱਚ ਜੈਵਿਕ ਵਿਭਿੰਨਤਾ ਦੇ ਤੀਖਣ ਬਿੰਦੂਆਂ ਤੋਂ ਜਾਣੂ ਕਰਵਾਓ।

ਜੈਵਿਕ ਵਿਭਿੰਨਤਾ ਤੇ ਆਰਥਿਕ ਵਿਕਾਸ ਇੱਕ ਦੂਜੇ ਦੇ ਪੂਰਕ ਕਿਵੇਂ ਹਨ?

ਜੈਵਿਕ ਵਿਭਿੰਨਤਾ ਦੇ ਖੇਤਰ ਵਿੱਚ ਹਿਮਾਲਿਆ ਦੀ ਕੀ ਮਹੱਤਤਾ ਹੈ?

ਪਰਿਭਾਸ਼ਤ ਕਰੋ - ਜੈਵਿਕ ਸੂਬਾ, ਈਕੋਟੋਨ, ਬਾਇਓਮ

ਸੁੰਦਰਬਨ ਉੱਤੇ ਇੱਕ ਨੋਟ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਵਿੱਚ ਜੈਵਿਕ ਵਿਭਿੰਨਤਾ ਦੇ ਮਹੱਤਵਪੂਰਨ ਤੱਥਾਂ ਤੋਂ ਜਾਣੂ ਕਰਵਾਓ।

ਪੰਜਾਬ ਦੀ ਸਥਾਨਕ ਜੈਵਿਕ ਵਿਭਿੰਨਤਾ, ਪ੍ਰਜਾਤੀਆਂ ਤੇ ਵਾਤਾਵਰਨ ਖੇਤਰਾਂ ਬਾਰੇ ਚਰਚਾ ਕਰੋ।

ਯੂਨੇਸਕੋ ਵੱਲੋਂ ਐਲਾਨੀ ਭਾਰਤ ਵਿਚਲੀ ਅਦਿੱਖ ਵਿਰਾਸਤੀ ਮਹੱਤਤਾ ਤੋਂ ਜਾਣੂ ਕਰਵਾਓ।

ਭਾਰਤ ਦੇ ਕੋਈ ਪੰਜ ਕੁਦਰਤੀ ਅਜੂਬਿਆਂ ਬਾਰੇ ਜਾਣਕਾਰੀ ਦਿਓ।

ਪਾਠ-3 : ਜਲ ਸਾਧਨ

(3 ਅੰਕਾਂ ਵਾਲੇ ਪ੍ਰਸ਼ਨ)

ਪਾਣੀ, ਨਵਿਆਉਣਯੋਗ ਸਾਧਨ ਕਿਵੇਂ ਬਣਦਾ ਹੈ?

ਬਹੁ-ਮੰਤਵੀ ਦਰਿਆਈ ਪ੍ਰਾਜੈਕਟਾਂ ਦੇ ਫਾਇਦੇ ਤੇ ਨੁਕਸਾਨ ਕੀ ਹੋ ਸਕਦੇ ਹਨ?

ਪਾਣੀ, ਧਰਤੀ ਦਾ ਸਭ ਤੋਂ ਮਹੱਤਵਪੂਰਨ ਤੱਤ ਕਿਵੇਂ ਹੈ?

ਨੀਲੇ ਪਾਣੀ ਤੇ ਹਰੇ ਪਾਣੀ ਦੇ ਕੀ ਅਰਥ ਹਨ?

ਖੇਤੀਬਾੜੀ ਖੇਤਰ ਵਿੱਚ ਪਾਣੀ ਦੀ ਵਰਤੋਂ ਬਾਰੇ ਨੋਟ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਬਹੁ-ਮੰਤਵੀ ਪ੍ਰਾਜੈਕਟਾਂ ਨੇ ਖੇਤੀ-ਖੇਤਰ ਵਿੱਚ ਕੀ-ਕੀ ਤਬਦੀਲੀਆਂ ਲਿਆਂਦੀਆਂ ਹਨ?

ਜਲ ਸੁਧੀਕਰਨ ਲਈ ਸੀਂਚੇਵਾਲ ਮਾਡਲ ਕੀ ਹੈ ਤੇ ਇਹ ਜਲ ਸੰਭਾਲ ਕਿਵੇਂ ਕਰਦਾ ਹੈ?

ਭਾਰਤ ਵਿੱਚ ਜਲ ਸੰਕਟ ਬਾਰੇ ਨੀਤੀ ਆਯੋਗ ਦੀ ਰਿਪੋਰਟ-2018 ਦੀ ਚਰਚਾ ਕਰੋ।

ਰਵਾਇਤੀ ਵਰਖਾ ਜਲ ਪ੍ਰਬੰਧਨ ਨੂੰ ਅਜੋਕੇ ਸਮੇਂ ਵਿੱਚ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ?

ਪਾਠ-4 : ਖੇਤੀਬਾੜੀ

(3 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਦਾ ਕਿਹੜਾ ਰਾਜ ਮਸਾਲਿਆਂ ਦਾ ਬਾਗ ਹੈ ਤੇ ਕਿਉਂ?

ਗਲੋਬਲ ਹੰਗਰ ਇੰਡੈਕਸ ਤੋਂ ਕੀ ਭਾਵ ਹੈ?

ਘੱਟੋ ਘੱਟ ਸਮਰਥਨ ਮੁੱਲ ਮਿੱਥਣ ਦੇ ਕੋਈ ਤਿੰਨ ਕਾਰਕ ਲਿਖੋ।

ਸਾਉਣੀ ਦੀਆਂ ਫਸਲਾਂ ਸਬੰਧੀ ਇੱਕ ਨੋਟ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਖੇਤੀਬਾੜੀ ਦੀਆਂ ਕਿਸਮਾਂ ਉੱਤੇ ਵਿਸਤ੍ਰਿਤ ਨੋਟ ਲਿਖੋ।

ਭਾਰਤੀ ਖੇਤੀਬਾੜੀ ਦੇ ਵਿਕਾਸ ਵਿੱਚ ਯੂਨੀਵਰਸਿਟੀਆਂ ਦੀ ਕੀ ਭੂਮਿਕਾ ਹੈ?

ਭਾਰਤ ਵਿੱਚ ਖੇਤੀਬਾੜੀ ਦੇ ਮੌਸਮਾਂ ਬਾਰੇ ਵਿਆਖਿਆ ਕਰੋ।

ਪਾਠ-5 : ਖਣਿਜ ਪਦਾਰਥ ਤੇ ਊਰਜਾ ਦੇ ਸਰੋਤ

(3 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਦੀ ਰੂਹਰ ਕਿਹੜਾ ਇਲਾਕਾ ਹੈ ਤੇ ਕਿਉ?

ਪਥਰਾਟ ਬਾਲਣ ਕੀ ਹੁੰਦੇ ਹਨ?

ਧਾਤਵੇਂ ਖਣਿਜ ਕੀ ਹੁੰਦੇ ਹਨ?

ਪੰਜਾਬ ਦੇ ਖਣਿਜ ਸਰਮਾਏ ਤੇ ਨੋਟ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਰਵਾਇਤੀ ਤੇ ਗ਼ੈਰ ਰਵਾਇਤੀ ਉਰਜਾ ਸਾਧਨਾਂ ਦੀ ਤੁਲਨਾ ਕਰੋ।

ਖਣਿਜ ਸਾਧਨਾਂ ਦੀ ਬੱਚਤ ਤੋਂ ਕੀ ਭਾਵ ਹੈ? ਇਸ ਲਈ ਕੀ ਕਦਮ ਚੁੱਕੇ ਜਾ ਸਕਦੇ ਹਨ?

ਪਾਠ-6 : ਨਿਰਮਾਣ ਸਨਅਤਾਂ

(3 ਅੰਕਾਂ ਵਾਲੇ ਪ੍ਰਸ਼ਨ)

ਫੂਡ ਪ੍ਰਾਸੈਸਿੰਗ ਦੀ ਲੋੜ ਕਿਉਂ ਹੈ?

ਭਾਰਤ ਦੇ ਪ੍ਰਮੁੱਖ ਸਨਅਤੀ ਖੇਤਰਾਂ ਦੇ ਨਾਮ ਦੱਸੋ।

ਮੁੱਢਲੀਆਂ ਸਨਅਤਾਂ ਕੀ ਹੁੰਦੀਆਂ ਹਨ? ਉਦਾਹਰਣਾਂ ਦਿਓ।

ਨਿਰਮਾਣ ਤੋਂ ਕੀ ਭਾਵ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਦੀ ਸੂਤੀ ਕਪੜਾ ਸਨਅਤ ਉੱਤੇ ਵਿਸਤ੍ਰਿਤ ਨੋਟ ਲਿਖੋ।

ਦੇਸ਼ ਵਿੱਚ ਨਿਰਮਾਣ ਸਮਰਥਾ ਵਿੱਚ ਆਏ ਉਛਾਲ ਪਿੱਛੇ ਕਿਹੜੀਆਂ-ਕਿਹੜੀਆਂ ਨਵੀਆਂ ਗਤੀਵਿਧੀਆਂ ਦਾ ਹੱਥ ਹੈ?

ਸਨਅਤਾਂ ਵਾਤਾਵਰਣ ਨੂੰ ਕਿਵੇਂ ਪਲੀਤ ਕਰਦੀਆਂ ਹਨ?

ਸੰਯੁਕਤ ਇਸਪਾਤ ਕਾਰਖਾਨੇ ਤੇ ਮਿੰਨੀ ਇਸਪਾਤ ਕਾਰਖਾਨੇ ਵਿੱਚ ਕੀ-ਕੀ ਅੰਤਰ ਹੁੰਦੇ ਹਨ?

ਪਾਠ-7 : ਆਵਾਜਾਈ ਤੇ ਸੰਚਾਰ : ਭਾਰਤ ਦੀ ਜ਼ਿੰਦ-ਜਾਨ

(3 ਅੰਕਾਂ ਵਾਲੇ ਪ੍ਰਸ਼ਨ)

ਸੁਨਹਿਰੀ ਚਤੁਰਭੁਜ ਉੱਤੇ ਇੱਕ ਨੋਟ ਲਿਖੋ।

ਵਪਾਰ ਤੋਂ ਕੀ ਭਾਵ ਹੈ? ਕੌਮਾਂਤਰੀ ਤੇ ਸਥਾਨਕ ਵਪਾਰ ਵਿੱਚ ਕੀ ਅੰਤਰ ਹੈ?

ਸੜਕ ਮਾਰਗਾਂ (ਰੋਡਵੇਜ਼) ਦੇ ਕੋਈ ਤਿੰਨ ਗੁਣ ਲਿਖੋ।

ਸਰਹੱਦੀ ਸੜਕਾਂ ਦਾ ਕੀ ਮਹਤੱਵ ਹੁੰਦਾ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਆਵਾਜਾਈ ਤੇ ਸੰਚਾਰ ਦੇ ਸਾਧਨ ਕਿਸੇ ਦੇਸ਼ ਤੇ ਉਥੋਂ ਦੀ ਆਰਥਿਕਤਾ ਦੀ ਜ਼ਿੰਦ-ਜਾਨ ਕਿਉਂ ਮੰਨੇ ਜਾਂਦੇ ਹਨ?

ਬੈਲਟ ਤੇ ਰੋਡ ਇਨੀਸ਼ੀਏਟਿਵ ਕੀ ਹੈ ਤੇ ਇਸ ਸਬੰਧੀ ਭਾਰਤ ਦੇ ਕੀ ਖਦਸ਼ੇ ਹਨ?

ਭਾਰਤ ਵਿੱਚ ਰੇਲਵੇ ਦੀ ਆਵਾਜਾਈ ਦੇ ਸਾਧਨ ਵਜੋਂ ਵਧੇਰੇ ਧਾਕ ਕਿਉਂ ਹੈ?

ਪਾਈਪ ਲਾਈਨਾਂ ਆਵਾਜਾਈ ਦਾ ਅਜੋਕਾ ਤੇ ਚੰਗੇਰਾ ਢੰਗ ਹਨ, ਕਿਵੇਂ?

ਐਕਸੇਲੈਂਸ ਐਕਸਪ੍ਰੈਸ ਹਾਈਵੇਜ਼ ਤੇ ਨੋਟ ਲਿਖੋ।

ਅਰਥਸ਼ਾਸਤਰ-ਭਾਗ

ਪਾਠ-1 : ਅਰਥਸ਼ਾਸਤਰ - ਇੱਕ ਜਾਣ ਪਛਾਣ

(3 ਅੰਕਾਂ ਵਾਲੇ ਪ੍ਰਸ਼ਨ)

ਵਿਅਸ਼ਟੀ ਅਤੇ ਸਮੱਸ਼ਟੀ ਅਰਥਸ਼ਾਸਤਰ ਵਿੱਚ ਅੰਤਰ ਸਪਸ਼ਟ ਕਰੋ।

ਵਿਕਾਸ ਦਰ ਤੋਂ ਕੀ ਭਾਵ ਹੈ? ਇਸ ਦਾ ਮਾਪ ਕਿਵੇਂ ਕੀਤਾ ਜਾ ਸਕਦਾ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਸਰਕਾਰੀ ਬਜਟ ਤੋਂ ਕੀ ਭਾਵ ਹੈ? ਸਰਕਾਰ ਦੀ ਆਮਦਨ ਅਤੇ ਖਰਚ ਦੀਆਂ ਮਦਾਂ ਦਾ ਵਰਨਣ ਕਰੋ।

ਸਰਵਜਨਕ ਕਰਜ਼ੇ ਤੋਂ ਕੀ ਭਾਵ ਹੈ? ਇਸਦੇ ਵੱਖ-ਵੱਖ ਸਾਧਨਾਂ ਦੀ ਵਿਆਖਿਆ ਕਰੋ।

ਪਾਠ-2 : ਵਿਕਾਸ ਅਤੇ ਇਸਦਾ ਮਾਪ

(3 ਅੰਕਾਂ ਵਾਲੇ ਪ੍ਰਸ਼ਨ)

ਆਰਥਿਕ ਵਾਧਾ ਅਤੇ ਆਰਥਿਕ ਵਿਕਾਸ ਵਿੱਚ ਅੰਤਰ ਸਪਸ਼ਟ ਕਰੋ।

ਟਿਕਾਊ ਵਿਕਾਸ ਤੋਂ ਕੀ ਭਾਵ ਹੈ? ਇਹ ਕਿਉਂ ਜ਼ਰੂਰੀ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਰਾਸ਼ਟਰੀ ਆਮਦਨ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ?

ਪ੍ਰਤੀ ਵਿਅਕਤੀ ਆਮਦਨ ਦੇ ਮਾਪਕ ਦੀ ਵਰਤੋਂ ਕਰਕੇ ਅਸੀਂ ਆਰਥਿਕ ਵਿਕਾਸ ਦਾ ਮਾਪ ਕਿਵੇਂ ਕਰ ਸਕਦੇ ਹਾਂ?

ਮਾਨਵ ਵਿਕਾਸ ਸੂਚਕ ਅੰਕ ਤੋਂ ਕੀ ਭਾਵ ਹੈ? ਆਰਥਿਕ ਵਿਕਾਸ ਦਾ ਮਾਪ ਕਰਨ ਲਈ ਇਸ ਦੁਆਰਾ ਕਿਹੜੇ ਸੂਚਕਾਂ ਦੀ ਵਰਤੋਂ ਕੀਤੀ ਜਾਂਦੀ ਹੈ?

ਪਾਠ-3 : ਮੁਦਰਾ ਅਤੇ ਵਿੱਤੀ ਪ੍ਰਣਾਲੀ

(3 ਅੰਕਾਂ ਵਾਲੇ ਪ੍ਰਸ਼ਨ)

ਮੁਦਰਾ ਦੇ ਮੁੱਖ ਕਾਰਜ ਕੀ ਹਨ?

ਮੁਦਰਾ ਦੇ ਆਧੁਨਿਕ ਰੂਪ ਕਿਹੜੇ-ਕਿਹੜੇ ਹਨ?

ਈ-ਬੈਕਿੰਗ ਕੀ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਉਧਾਰ ਦੇ ਵੱਖ-ਵੱਖ ਸਰੋਤਾਂ ਦੀ ਵਿਆਖਿਆ ਕਰੋ।

ਪਾਠ-4 : ਭਾਰਤੀ ਅਰਥਵਿਵਸਥਾ ਵਿੱਚ ਸੇਵਾ ਖੇਤਰ

(3 ਅੰਕਾਂ ਵਾਲੇ ਪ੍ਰਸ਼ਨ)

ਸੇਵਾ ਖੇਤਰ ਅਰਥਵਿਵਸਥਾ ਨੂੰ ਸਥਿਰਤਾ ਕਿਵੇਂ ਪ੍ਰਦਾਨ ਕਰਦਾ ਹੈ?

ਸੰਗਠਿਤ ਅਤੇ ਅਸੰਗਠਿਤ ਖੇਤਰ ਵਿੱਚ ਅੰਤਰ ਸਪਸ਼ਟ ਕਰੋ।

ਭਾਰਤ ਵਿੱਚ ਸੇਵਾ ਖੇਤਰ ਦੇ ਵਿਕਾਸ ਦੇ ਵੱਖ-ਵੱਖ ਕਾਰਨਾਂ ਦੀ ਵਿਆਖਿਆ ਕਰੋ।

(5 ਅੰਕਾਂ ਵਾਲੇ ਪ੍ਰਸ਼ਨ)

ਸੇਵਾ ਖੇਤਰ ਦੁਆਰਾ ਭਾਰਤ ਦੇ ਵਿਦੇਸ਼ੀ ਵਪਾਰ ਵਿੱਚ ਦਿੱਤੇ ਜਾਣ ਵਾਲੇ ਯੋਗਦਾਨ ਦੀ ਵਿਆਖਿਆ ਕਰੋ।

ਮਲਕੀਅਤ ਦੇ ਆਧਾਰ ਤੇ ਅਰਥਵਿਵਸਥਾ ਦੀਆਂ ਕਿਸਮਾਂ ਦਾ ਵਰਨਣ ਕਰੋ।

ਕੰਮ ਦੇ ਸੁਭਾਅ ਦੇ ਆਧਾਰ ਤੇ ਅਰਥਵਿਵਸਥਾ ਦੀਆਂ ਕਿਸਮਾਂ ਦਾ ਵਰਨਣ ਕਰੋ।

ਪਾਠ-5 : ਵਿਸ਼ਵੀਕਰਨ

(3 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਨੇ 1991 ਵਿੱਚ ਨਵੀਂ ਆਰਥਿਕ ਨੀਤੀ ਕਿਉਂ ਅਪਣਾਈ? ਕਾਰਨ ਲਿਖੋ।

ਵਿਸ਼ਵੀਕਰਨ ਦਾ ਦੇਸ਼ ਦੇ ਛੋਟੇ ਉਤਪਾਦਕਾਂ ਤੇ ਕੀ ਪ੍ਰਭਾਵ ਪਿਆ?

ਭਾਰਤ ਸਰਕਾਰ ਨੇ ਵਿਦੇਸ਼ੀ ਵਪਾਰ ਅਤੇ ਵਿਦੇਸ਼ੀ ਨਿਵੇਸ਼ ਤੇ ਪ੍ਰਤੀਬੰਧਾਂ ਨੂੰ ਕਦੋਂ ਹਟਾਇਆ ਅਤੇ ਕਿਉਂ?

(5 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਨੂੰ ਵਿਸ਼ਵੀਕਰਨ ਵੱਲ ਲੈ ਕੇ ਜਾਣ ਵਾਲੇ ਕਾਰਕਾਂ ਦੀ ਸੰਖੇਪ ਵਿਆਖਿਆ ਕਰੋ।

ਪਾਠ-6 : ਉਪਭੋਗਤਾ ਸ਼ੋਸ਼ਣ ਅਤੇ ਸਰੰਖਣ

(3 ਅੰਕਾਂ ਵਾਲੇ ਪ੍ਰਸ਼ਨ)

ਕੋਪਰਾ ਤੋਂ ਕੀ ਭਾਵ ਹੈ? ਵਿਆਖਿਆ ਕਰੋ।

ਵੱਖ-ਵੱਖ ਉਤਪਾਦਾਂ ਦੇ ਮਾਨਕੀਕਰਨ ਲਈ ਮਹੱਤਵਪੂਰਨ ਲੋਗੋ ਕਿਹੜੇ-ਕਿਹੜੇ ਹਨ?

ਭਾਰਤ ਵਿੱਚ ਉਪਭੋਗਤਾ ਅਦਾਲਤਾਂ ਦੇ ਤਿੰਨ ਪੱਧਰੀ ਪ੍ਰਬੰਧ ਦੀ ਵਿਆਖਿਆ ਕਰੋ।

(5 ਅੰਕਾਂ ਵਾਲੇ ਪ੍ਰਸ਼ਨ)

ਉਪਭੋਗਤਾਵਾਂ ਦੇ ਅਧਿਕਾਰਾਂ ਤੇ ਇੱਕ ਨੋਟ ਲਿਖੋ।

ਪਾਠ-7 : ਵਿੱਤੀ ਜਾਗਰੂਕਤਾ

(3 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਵਿੱਚ ਸਟਾਕ ਐਕਸਚੇਂਜ ਬਜ਼ਾਰ ਦੀਆਂ ਦੋ ਮੁੱਖ ਕਿਸਮਾਂ ਦੀ ਵਿਆਖਿਆ ਕਰੋ।

(5 ਅੰਕਾਂ ਵਾਲੇ ਪ੍ਰਸ਼ਨ)

ਸਟਾਕ ਐਕਸਚੇਂਜ ਬਜ਼ਾਰ ਵਿੱਚ ਨਿਵੇਸ਼ ਕਰਨ ਲਈ ਕਿਹੜੀਆਂ ਗੱਲਾਂ ਨੂੰ ਜਾਣਨਾ ਜ਼ਰੂਰੀ ਹੈ?

ਸਟਾਕ ਐਕਸਚੇਂਜ ਬਜ਼ਾਰ ਦੇ ਮਹੱਤਵ ਦਾ ਵਰਣਨ ਕਰੋ।

ਇਤਿਹਾਸ-ਭਾਗ

ਪਾਠ-1 : ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਸ ਦੇ ਇਤਿਹਾਸ ਉੱਤੇ ਪ੍ਰਭਾਵ

(3 ਅੰਕਾਂ ਵਾਲੇ ਪ੍ਰਸ਼ਨ)

ਕੋਈ ਤਿੰਨ ਦੁਆਬਿਆਂ ਦਾ ਸੰਖੇਪ ਵਰਣਣ ਕਰੋ।

ਪੰਜਾਬ ਦੇ ਦਰਿਆਵਾਂ ਨੇ ਇਸ ਦੇ ਇਤਿਹਾਸ ਤੇ ਕੀ ਪ੍ਰਭਾਵ ਪਾਇਆ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਹਿਮਾਲਿਆ ਅਤੇ ਉੱਤਰੀ ਪੱਛਮੀ ਪਹਾੜੀਆਂ ਦਾ ਵਰਨਣ ਕਰੋ।

ਪੰਜਾਬ ਦੇ ਮੈਦਾਨੀ ਖੇਤਰ ਦਾ ਵਰਨਣ ਕਰੋ।

ਪਾਠ-2 : ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਤੇ ਸਮਾਜਿਕ ਅਵਸਥਾ

(3 ਅੰਕਾਂ ਵਾਲੇ ਪ੍ਰਸ਼ਨ)

ਸਿਕੰਦਰ ਲੋਧੀ ਦੀ ਧਾਰਮਿਕ ਨੀਤੀ ਦਾ ਵਰਨਣ ਕਰੋ।

ਬਾਬਰ ਦੇ ਸੱਯਦਪੁਰ ਦੇ ਹਮਲੇ ਦਾ ਵਰਣਨ ਕਰੋ।

ਆਲਮ ਖਾਂ ਨੇ ਪੰਜਾਬ ਨੂੰ ਹਥਿਆਉਣ ਲਈ ਕੀ-ਕੀ ਯਤਨ ਕੀਤੇ?

(5 ਅੰਕਾਂ ਵਾਲੇ ਪ੍ਰਸ਼ਨ)

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਵਸਥਾ ਦਾ ਵਰਨਣ ਕਰੋ।

ਬਾਬਰ ਦੀ ਪੰਜਾਬ ਉੱਤੇ ਜਿੱਤ ਦਾ ਵਰਨਣ ਕਰੋ।

ਪਾਠ-3 : ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀਆਂ ਸਿਖਿਆਵਾਂ

(3 ਅੰਕਾਂ ਵਾਲੇ ਪ੍ਰਸ਼ਨ)

ਗੁਰੂ ਨਾਨਕ ਦੇਵ ਜੀ ਦੀ ਜਨੇਊ ਦੀ ਰਸਮ ਦਾ ਵਰਨਣ ਕਰੋ।

ਗੁਰੂ ਨਾਨਕ ਦੇਵ ਜੀ ਨੇ ਮੁੱਢਲੇ ਜੀਵਨ ਵਿੱਚ ਕੀ-ਕੀ ਕਿੱਤੇ ਅਪਣਾਏ?

ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਖੇ ਬਿਤਾਏ ਜੀਵਨ ਦਾ ਵੇਰਵਾ ਦਿਓ।

ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਕਿਹੜੇ-ਕਿਹੜੇ ਸਥਾਨਾਂ ਤੇ ਗਏ?

(5 ਅੰਕਾਂ ਵਾਲੇ ਪ੍ਰਸ਼ਨ)

ਪਰਮਾਤਮਾ ਬਾਰੇ ਗੁਰੂ ਨਾਨਕ ਦੇਵ ਜੀ ਦੇ ਕੀ ਵਿਚਾਰ ਸਨ, ਵਿਆਖਿਆ ਕਰੋ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਲਿਖੋ।

ਪਾਠ-4 : ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ ਸਿੱਖ ਗੁਰੂਆਂ ਦਾ ਯੋਗਦਾਨ

(3 ਅੰਕਾਂ ਵਾਲੇ ਪ੍ਰਸ਼ਨ)

ਮੰਜੀ-ਪ੍ਰਥਾ ਤੋਂ ਕੀ ਭਾਵ ਹੈ ਤੇ ਇਸ ਦਾ ਕੀ ਉਦੇਸ਼ ਸੀ?

ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਸਥਾਪਨਾ ਦਾ ਵਰਨਣ ਕਰੋ।

ਅਕਾਲ ਤਖਤ ਬਾਰੇ ਤੁਸੀਂ ਕੀ ਜਾਣਦੇ ਹੋ?

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਨੋਟ ਲਿਖੋ।

ਮਸੰਦ ਪ੍ਰਥਾ ਤੋਂ ਸਿੱਖ ਧਰਮ ਨੂੰ ਕੀ-ਕੀ ਲਾਭ ਹੋਏ?

(5 ਅੰਕਾਂ ਵਾਲੇ ਪ੍ਰਸ਼ਨ)

ਗੁਰੂ ਅੰਗਦ ਦੇਵ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ ਯੋਗਦਾਨ ਪਾਇਆ?

ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ-ਕੀ ਕਾਰਜ ਕੀਤੇ?

ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ ਯਤਨ ਕੀਤੇ?

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਵਿਕਾਸ ਲਈ ਕੀ ਯੋਗਦਾਨ ਪਾਇਆ?

ਗੁਰੂ ਹਰਿਗੋਬਿੰਦ ਜੀ ਦੀ ਨਵੀਂ ਨੀਤੀ ਦਾ ਵਰਨਣ ਕਰੋ।

ਪਾਠ-5 : ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਖ਼ਾਲਸੇ ਦੀ ਸਿਰਜਨਾ ਅਤੇ ਸ਼ਖਸ਼ੀਅਤ

(3 ਅੰਕਾਂ ਵਾਲੇ ਪ੍ਰਸ਼ਨ)

ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਵਿਖੇ ਆਪਣਾ ਬਚਪਨ ਕਿਵੇਂ ਬਿਤਾਇਆ?

ਖਾਲਸੇ ਦੇ ਨਿਯਮਾਂ ਦਾ ਵਰਨਣ ਕਰੋ।

ਭੰਗਾਣੀ ਦੀ ਲੜਾਈ ਦੇ ਕੀ ਕਾਰਨ ਸਨ?

ਚਮਕੌਰ ਸਾਹਿਬ ਦੀ ਲੜਾਈ ਤੇ ਨੋਟ ਲਿਖੋ।

ਖਿਦਰਾਣਾ ਦੀ ਲੜਾਈ ਦਾ ਹਾਲ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਗੁਰੂ ਗੋਬਿੰਦ ਸਿੰਘ ਜੀ ਨੂੰ ਖਾਲਸਾ ਪੰਥ ਦੀ ਸਿਰਜਣਾ ਕਰਨ ਦੀ ਲੋੜ ਕਿਉਂ ਪਈ?

ਗੁਰੂ ਗੋਬਿੰਦ ਸਿੰਘ ਜੀ ਦੀਆਂ ਪੂਰਵ-ਖਾਲਸਾ ਕਾਲ ਦੀਆਂ ਲੜਾਈਆਂ ਦਾ ਵਰਨਣ ਕਰੋ।

14. ਗੁਰੂ ਗੋਬਿੰਦ ਸਿੰਘ ਜੀ ਦੀਆਂ ਉੱਤਰ-ਖਾਲਸਾ ਕਾਲ ਦੀਆਂ ਲੜਾਈਆਂ ਦਾ ਵਰਨਣ ਕਰੋ।

ਪਾਠ-6 : ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ

(3 ਅੰਕਾਂ ਵਾਲੇ ਪ੍ਰਸ਼ਨ)

ਬੰਦਾ ਸਿੰਘ ਬਹਾਦਰ ਦੀ ਸਮਾਣੇ ਦੀ ਜਿੱਤ ਤੇ ਨੋਟ ਲਿਖੋ।

ਚੱਪੜ-ਚਿੜੀ ਅਤੇ ਸਰਹਿੰਦ ਦੀ ਲੜਾਈ ਦਾ ਹਾਲ ਲਿਖੋ।

ਗੁਰਦਾਸ ਨੰਗਲ ਦੀ ਲੜਾਈ ਦਾ ਹਾਲ ਲਿਖੋ।

ਸਭ ਤੋਂ ਪਹਿਲੀ ਮਿਸਲ ਕਿਹੜੀ ਸੀ? ਉਸਦਾ ਹਾਲ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਬੰਦਾ ਬਹਾਦਰ ਦੀਆਂ ਮੁੱਢਲੀਆਂ ਜਿੱਤਾਂ ਦਾ ਵਰਨਣ ਕਰੋ।

ਪੰਜਾਬ ਦੀਆਂ ਕੋਈ ਪੰਜ ਮਿਸਲਾਂ ਦਾ ਹਾਲ ਲਿਖੋ।

ਪਾਠ-7 : ਰਣਜੀਤ ਸਿੰਘ: ਮੁੱਢਲਾ ਜੀਵਨ, ਪ੍ਰਾਪਤੀਆਂ ਅਤੇ ਅੰਗਰੇਜ਼ਾਂ ਨਾਲ ਸਬੰਧ

(3 ਅੰਕਾਂ ਵਾਲੇ ਪ੍ਰਸ਼ਨ)

ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉੱਤੇ ਕਬਜ਼ੇ ਦਾ ਹਾਲ ਲਿਖੋ।

ਅੰਮ੍ਰਿਤਸਰ ਦੀ ਜਿੱਤ ਦੀ ਮਹੱਤਤਾ ਲਿਖੋ।

ਸਿੰਧ ਦੇ ਪ੍ਰਸ਼ਨ ਬਾਰੇ ਦੱਸੋ।

ਸ਼ਿਕਾਰਪੁਰ ਦਾ ਪ੍ਰਸ਼ਨ ਕੀ ਸੀ?

ਫਿਰੋਜ਼ਪੁਰ ਦਾ ਪ੍ਰਸ਼ਨ ਕੀ ਸੀ?

ਅਟਕ ਦੀ ਲੜਾਈ ਦਾ ਹਾਲ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਜਿੱਤ ਦਾ ਵਰਨਣ ਕਰੋ।

ਮਹਾਰਾਜਾ ਰਣਜੀਤ ਸਿੰਘ ਨੇ ਕਮਜ਼ੋਰ ਰਿਆਸਤਾਂ ਨੂੰ ਕਿਵੇਂ ਜਿੱਤਿਆ?

ਪਾਠ-8 : ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ

(3 ਅੰਕਾਂ ਵਾਲੇ ਪ੍ਰਸ਼ਨ)

ਭੈਰੋਵਾਲ ਦੀ ਸੰਧੀ ਤੋਂ ਬਾਅਦ ਅੰਗਰੇਜ਼ਾਂ ਨੇ ਰਾਣੀ ਜ਼ਿੰਦਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ?

ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਿਉਂ ਨਹੀਂ ਕੀਤਾ?

ਭੈਰੋਵਾਲ ਸੰਧੀ ਦੀਆਂ ਕੋਈ ਤਿੰਨ ਧਾਰਾਵਾਂ ਦਿਓ।

(5 ਅੰਕਾਂ ਵਾਲੇ ਪ੍ਰਸ਼ਨ)

ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਦੇ ਕਾਰਨ ਲਿਖੋ।

ਦੂਜੇ ਐਂਗਲੋ-ਸਿੱਖ ਯੁੱਧ ਦੇ ਕਾਰਨ ਲਿਖੋ।

ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਿਵੇਂ ਕੀਤਾ?

ਲਾਹੌਰ ਦੀ ਪਹਿਲੀ ਸੰਧੀ ਦੀ ਧਾਰਾਵਾਂ ਲਿਖੋ।

ਪਾਠ-9 : ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ

(3 ਅੰਕਾਂ ਵਾਲੇ ਪ੍ਰਸ਼ਨ)

ਨੌਜਵਾਨ ਭਾਰਤ ਸਭਾ ਉੱਤੇ ਨੋਟ ਲਿਖੋ।

ਗਦਰ ਪਾਰਟੀ ਨੇ ਪੰਜਾਬ ਵਿੱਚ ਆਜ਼ਾਦੀ ਲਈ ਕੀ-ਕੀ ਯਤਨ ਕੀਤੇ?

ਸਾਈਮਨ ਕਮਿਸ਼ਨ ਉੱਤੇ ਨੋਟ ਲਿਖੋ।

ਖਿਲਾਫ਼ਤ ਲਹਿਰ ਉੱਤੇ ਨੋਟ ਲਿਖੋ।

ਸ. ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ ਦੁਰਘਟਨਾ ਦਾ ਬਦਲਾ ਕਿਵੇਂ ਲਿਆ?

(5 ਅੰਕਾਂ ਵਾਲੇ ਪ੍ਰਸ਼ਨ)

ਸਤਿਗੁਰ ਰਾਮ ਸਿੰਘ ਜੀ ਨੇ ਭਾਰਤ ਦੀ ਆਜ਼ਾਦੀ ਲਈ ਕੀ-ਕੀ ਯਤਨ ਕੀਤੇ?

ਕਾਮਾਗਾਟਾਮਾਰੂ ਜਹਾਜ਼ ਦੀ ਦੁਰਘਟਨਾ ਦਾ ਵਰਣਨ ਕਰੋ।

ਆਜ਼ਾਦ ਹਿੰਦ ਫੌਜ ਉੱਤੇ ਵਿਸਥਾਰਪੂਰਵਕ ਨੋਟ ਲਿਖੋ।

ਨਾਗਰਿਕ ਸ਼ਾਸ਼ਤਰ-ਭਾਗ

ਪਾਠ-10 : ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ

(3 ਅੰਕਾਂ ਵਾਲੇ ਪ੍ਰਸ਼ਨ)

ਭਾਰਤ ਇੱਕ ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਹੈ। ਵਿਆਖਿਆ ਕਰੋ।

ਪ੍ਰਸਤਾਵਨਾ ਵਿੱਚ ਦਰਸਾਏ ਉਦੇਸ਼ਾਂ ਦਾ ਸੰਖੇਪ ਵਰਣਨ ਕਰੋ।

ਸਮਾਨਤਾ ਦੇ ਅਧਿਕਾਰ ਦੀ ਵਿਆਖਿਆ ਕਰੋ।

ਭਾਰਤੀ ਨਾਗਰਿਕਾਂ ਦੇ ਫ਼ਰਜ਼ਾਂ ਨੂੰ ਕਿਉਂ ਅਤੇ ਕਦੋਂ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਗਿਆ ਹੈ?

(5 ਅੰਕਾਂ ਵਾਲੇ ਪ੍ਰਸ਼ਨ)

ਮੌਲਿਕ ਅਧਿਕਾਰਾਂ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਮੂਲ ਭੇਦ ਦੱਸੋ।

ਸ਼ੋਸ਼ਣ ਦੇ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।

ਪਾਠ-11 : ਕੇਂਦਰੀ ਸਰਕਾਰ

(3 ਅੰਕਾਂ ਵਾਲੇ ਪ੍ਰਸ਼ਨ)

ਪ੍ਰਧਾਨ ਮੰਤਰੀ ਦੇ ਕੋਈ ਤਿੰਨ ਮਹੱਤਵਪੂਰਨ ਕੰਮਾਂ ਦਾ ਵੇਰਵਾ ਦਿਓ।

ਭਾਰਤ ਦੇ ਉਪ-ਰਾਸ਼ਟਰਪਤੀ ਦੇ ਅਹੁਦੇ ਦਾ ਸੰਖੇਪ ਵੇਰਵਾ ਦਿਓ।

ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਦਾ ਸੰਖੇਪ ਵੇਰਵਾ ਦਿਓ।

(5 ਅੰਕਾਂ ਵਾਲੇ ਪ੍ਰਸ਼ਨ)

ਸੰਸਦ ਵਿੱਚ ਇੱਕ ਬਿੱਲ ਕਾਨੂੰਨ ਕਿਵੇਂ ਬਣਦਾ ਹੈ?

ਸੰਸਦ ਦੀਆਂ ਕਿਸੇ ਪੰਜ ਸ਼ਕਤੀਆਂ ਦਾ ਵਰਣਨ ਕਰੋ।

ਕੇਂਦਰੀ ਮੰਤਰੀ ਪਰਿਸ਼ਦ ਵਿੱਚ ਕਿੰਨੇ ਤਰ੍ਹਾਂ ਦੇ ਮੰਤਰੀ ਹੁੰਦੇ ਹਨ?

ਪਾਠ-12 : ਰਾਜ ਸਰਕਾਰ

(3 ਅੰਕਾਂ ਵਾਲੇ ਪ੍ਰਸ਼ਨ)

ਰਾਜ ਦੇ ਮੁੱਖ ਮੰਤਰੀ ਦੀ ਨਿਯੁਕਤੀ ਦਾ ਵਰਣਨ ਕਰੋ।

ਹਾਈਕੋਰਟ ਨੂੰ ਅਭਿਲੇਖ ਅਦਾਲਤ ਕਿਉਂ ਕਿਹਾ ਜਾਂਦਾ ਹੈ?

ਲੋਕ ਅਦਾਲਤਾਂ ਦੇ ਕਾਰਜਾਂ / ਸ਼ਕਤੀਆਂ ਦੀ ਵਿਆਖਿਆ ਕਰੋ।

(5 ਅੰਕਾਂ ਵਾਲੇ ਪ੍ਰਸ਼ਨ)

ਸੰਵਿਧਾਨਿਕ ਸੰਕਟ ਦੀ ਘੋਸ਼ਣਾ ਸਮੇਂ ਰਾਜ ਦੇ ਪ੍ਰਸ਼ਾਸਨ ਤੇ ਕੀ ਅਸਰ ਪੈਂਦਾ ਹੈ?

ਮੰਤਰੀ ਮੰਡਲ ਦੇ ਕਾਰਜਾਂ ਦੀ ਵਿਆਖਿਆ ਕਰੋ।

ਵਿਧਾਨ ਮੰਡਲ ਦੀਆਂ ਸ਼ਕਤੀਆਂ ਦਾ ਵਰਨਣ ਕਰੋ।

ਪਾਠ-13 : ਭਾਰਤੀ ਲੋਕਤੰਤਰ ਦਾ ਸਰੂਪ

(3 ਅੰਕਾਂ ਵਾਲੇ ਪ੍ਰਸ਼ਨ)

ਲੋਕਤੰਤਰ ਦੀ ਚੋਣ ਵਿਧੀ ਦਾ ਸੰਖੇਪ ਵੇਰਵਾ ਦਿਓ

ਲੋਕ-ਮੱਤ ਦੀ ਭੂਮਿਕਾ ਦੱਸੋ।

ਭਾਰਤੀ ਜਨਤਾ ਪਾਰਟੀ ਦੀ ਸਥਾਪਨਾ ਤੇ ਨੋਟ ਲਿਖੋ।

ਵਿਰੋਧੀ ਦਲ ਦੀ ਭੂਮਿਕਾ ਤੇ ਸੰਖੇਪ ਨੋਟ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)

ਲੋਕਤੰਤਰ ਨੂੰ ਸਫਲ ਬਣਾਉਣ ਦੀਆਂ ਕੋਈ ਪੰਜ ਸ਼ਰਤਾਂ ਦੱਸੋ।

ਭਾਰਤੀ ਲੋਕਤੰਤਰ ਦੀਆਂ ਪੰਜ ਮਹੱਤਵਪੂਰਨ ਵਿਸ਼ੇਸ਼ਤਾਵਾਂ ਲਿਖੋ।

ਪਾਠ-14 : ਭਾਰਤ ਦੀ ਵਿਦੇਸ਼ ਨੀਤੀ ਅਤੇ ਸੰਯੁਕਤ ਰਾਸ਼ਟਰ

(3 ਅੰਕਾਂ ਵਾਲੇ ਪ੍ਰਸ਼ਨ)

ਅੰਤਰ-ਰਾਸ਼ਟਰੀ ਨਿਆਂ ਅਦਾਲਤ ਤੇ ਨੋਟ ਲਿਖੋ।

ਨਿਸ਼ਸ਼ਤਰੀਕਰਨ ਦੀ ਵਿਆਖਿਆ ਕਰੋ।

ਮਹਾਂਸਭਾ ਤੇ ਨੋਟ ਲਿਖੋ।

(5 ਅੰਕਾਂ ਵਾਲੇ ਪ੍ਰਸ਼ਨ)


ਪੰਚਸ਼ੀਲ ਦੇ ਸਿਧਾਂਤਾਂ ਦਾ ਵਰਨਣ ਕਰੋ।


ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪਰਿਸ਼ਦ ਤੇ ਸੰਖੇਪ ਨੋਟ ਲਿਖੋ।

ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ ਸੰਬੰਧਾਂ ਦਾ ਸੰਖੇਪ ਵਰਨਣ ਕਰੋ।

ਗੁਟ-ਨਿਰਲੇਪਤਾ ਦੀ ਨੀਤੀ ਦਾ ਅਰਥ ਅਤੇ ਭਾਰਤ ਦੁਆਰਾ ਇਸ ਨੂੰ ਅਪਣਾਏ ਜਾਣ ਦਾ ਕਾਰਨ ਦੱਸੋ।

ਨਕਸ਼ਾ ਕਾਰਜ





(ਪ੍ਰਸ਼ਨਾਂ ਦੇ ਉੱਤਰ ਸਹੀ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਜੇਕਰ ਕਿਸੇ ਵੀ ਪ੍ਰਸ਼ਨ ਵਿੱਚ ਫਿਰ ਵੀ ਕੋਈ ਗਲਤੀ ਰਹਿ ਗਈ ਹੋਵੇ ਤਾਂ ਕਿਰਪਾ ਕਰਕੇ ਬਿਨ੍ਹਾਂ ਕਿਸੇ ਸੰਕੋਚ ਤੋਂ ਲੇਖਕ ਨਾਲ ਤੁਰੰਤ ਸੰਪਰਕ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਦੇ ਹਿੱਤ ਲਈ ਉਸ ਗਲਤੀ ਨੂੰ ਦਰੁਸਤ ਕੀਤਾ ਜਾ ਸਕੇ।)

Vijay Gupta,
Lecturer in History
School of Eminence Fazilka
977 990 3800

To watch the live and recorded SST lectures, you may subscribe the channel 👇
https://www.youtube.com/c/VijayGuptaGlobalWinner

SST Channel